ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਅਗਸਤ ੧੯੯੬

AUGUST 1996



ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ
(ਇੱਥੇ ਗੁਰੂ ਹਰਕ੍ਰਿਸ਼ਨ ਸਾਹਿਬ ਠਹਿਰੇ ਸਨ)

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤੱਤਕਰਾ


| | | |
|---|---|---|
| ੧ | ਜੋ ਪਾਥਰ ਕਉ ਕਹਤੇ ਦੇਵ | ੧ |
| ੨ | ਅਰਥ ਵਿਆਖਿਆ | ੨ |
| ੩ | ੧੯ ਜਾਂ ੧੯ ? | ੪ |
| ੪ | ਆਨਮਤ ਫੋਕਟ ਧਰਮ ਕਰਮ | ੫ |
| ੫ | ਗੁਰਮਤਿ ਅਤੇ ਬੁੱਤਪ੍ਰਸਤੀ | ੮ |
| ੬ | ਜਪਿ ਗੁਰ ਗੋਪਾਲ ਪ੍ਰਭ ਸੋਈ (੨) | ੧੦ |
| ੭ | ਜੋਤੀ ਸੰਗਿ ਜੋਤਿ ਸਮਾਨਾ | ੧੪ |
| ੮ | ਰਖਸ਼ਾ ਬੰਧਨ (ਰੱਖੜੀ) ਤੇ ਖਾਲਸੇ ਦਾ ਆਦਰਸ਼ | ੧੭ |
| ੯ | ੧੯੪੨ ਦਾ ਇੱਕ ਅਹਿਮ ਪੰਥਕ ਫੈਸਲਾ | ੧੯ |
| ੧੦ | ਗੁਲਾਮੀ (ਕਵਿਤਾ) | ੨੩ |
| ੧੧ | ਕਮਰਕੱਸਾ (ਕਵਿਤਾ) | ੨੪ |
| ੧੨ | ਜੈਤਸਰੀ ਕੀ ਵਾਰ (੩) | ੨੫ |
| ੧੩ | ਸਰਦਾਰ ਰਹੇ ਹਾਂ ਸਰਦਾਰ ਰਹਾਂਗੇ (ਕਵਿਤਾ) | ੨੭ |
| ੧੪ | ਵਿਚਾਰ ਹੀ ਵਸਤੂ ਹਨ | ੨੮ |
| ੧੫ | KESHAS (HAIR) & KESKI | ੨੯ |
| ੧੬ | ਕਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ | ੩੨ |
| ੧੭ | ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ | ੩੪ |
| ੧੮ | ਸਾਵਣੁ ਆਇਆ ਹੇ ਸਖੀ | ੩੮ |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੭ ਅਗਸਤ। ਜਨਮ ਭਾਈ ਦਇਆ ਸਿੰਘ (ਪਿਆਰਾ) ੨੬ ਅਗਸਤ। ਜੋੜ ਮੇਲਾ ਬਾਬਾ ਬਕਾਲਾ ੨੮ ਅਗਸਤ।

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

੧ ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। ੨ ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। ੩ ਮਨੀਆਰਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

–ਸੰਪਾਦਕ

## ਮੋਖ ਰਹਿਤ ਸੂਰਾ

ਵਿਦੇਸ਼ਾਂ ਵਿੱਚ ਰਹਿੰਦੇ ਵੀਰ, ਭੈਣਾਂ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿੱਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ, ਉਹਨਾਂ ਨੂੰ "ਸੂਰਾ" ਹਰ ਮਹੀਨੇ ਮੋਖ ਰਹਿਤ ਪਹੁੰਚਦਾ ਰਹੇਗਾ। ਦਾਸਨ ਦਾਸ

ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ ਵੈਨਕੂਵਰ (ਕੈਨੇਡਾ) (B.C.) V6B-2R9 Tel. ੧੮੦੦੬ ੩੦੨੨੪

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ – ਸਬ ਆਫਿਸ "ਸੂਰਾ" – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨ ਜਲੰਧਰ –ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩ ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ –ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼, ਐਸ ਏ ਐਸ ਨਗਰ, ਮੋਹਾਲੀ।
੬ ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ
੭ ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ ਟੀ ਰੋਡ, ਫੋਨ: ੨੪੩੪੮, ੨੧੬੮੧
੧੦ ਅੰਮ੍ਰਿਤਸਰ –ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ: ੪੫੫੭੮੭, ਘਰ ੨੩੧੫੨੦
੧੧ ਯਮੁਨਾਨਗਰ – ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ, ਪਿੰਨ ਕੋਡ– ੧੩੫੦੦੧, ਫੋਨ: ੨੬੨੧੭
੧੨ ਸੰਗਰੂਰ – ੧ ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ – ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ 10- Lambourne Gardens, Earley Reading, Berks U.K. Tel. 01734-267900.
੨ ਅਮਰੀਕਾ–ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩ ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪
੪ ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧
੫ ਨੀਊਜ਼ੀਲੈਂਡ–ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ**

**ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦/–, ੧੦੦, ੧੫੦/–ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਤਾ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

– ਸੰਪਾਦਕ


ਡਿਜ਼ਾਈਨ ਕਰਾਫ਼ਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ–੬੩, ਬਹਾਰ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਅਗਸਤ-੧੯੯੬ ਅੰਕ ੮

**ਸਾਲਾਨਾ ਚੰਦਾ** ਦੇਸ਼ : 30 ਰੁ:, ਵਿਦੇਸ਼ : ਸਮੁੰਦਰੀ ਡਾਕ...100 ਰੁ:
(ਇੱਕ ਕਾਪੀ ... ... 3 ਰੁ:) ਹਵਾਈ ਡਾਕ.....300 ਰੁ:

**ਅਮਾਨਤੀ ਲਾਈਫ ਮੈਂਬਰਸ਼ਿਪ**
ਦੇਸ਼ : 300 ਰੁ: ਵਿਦੇਸ਼ : ਸਮੁੰਦਰੀ ਡਾਕ...1,000 ਰੁ:
ਹਵਾਈ ਡਾਕ.....3,000 ਰੁ:

**ਚੰਦਾ ਭੇਜਣ ਦਾ ਪਤਾ**
'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,
ਮਾਡਲ ਟਾਊਨ, ਲੁਧਿਆਣਾ - 141002

*ਕਾਹੂ ਲੈ ਪਾਹਨ ਪੂਜ ਧਰਯੋ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ।।*
*ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸੁ ਨਿਵਾਇਓ।।*
*ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ।।*
*ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।।੧੦।।*

(ਤ੍ਵ ਪ੍ਰਸਾਦਿ ਸਵੱਯੇ।। ਪਾ:੧੦।।)

ਮਹਲਾ ।। ੫।।

ਜੋ ਪਾਥਰ ਕਉ ਕਹਤੇ ਦੇਵ।। ਤਾ ਕੀ ਬਿਰਥਾ ਹੋਵੈ ਸੇਵ।।
ਜੋ ਪਾਥਰ ਕੀ ਪਾਂਈ ਪਾਇ।। ਤਿਸ ਕੀ ਘਾਲ ਅਜਾਂਈ ਜਾਇ।। ੧।।
ਠਾਕੁਰੁ ਹਮਰਾ ਸਦ ਬੋਲੰਤਾ।। ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ।।੧।। ਰਹਾਉ।।
ਅੰਤਰਿ ਦੇਉ ਨ ਜਾਨੈ ਅੰਧੁ।। ਭ੍ਰਮ ਕਾ ਮੋਹਿਆ ਪਾਵੈ ਫੰਧੁ।।
ਨ ਪਾਥਰੁ ਬੋਲੈ, ਨਾ ਕਿਛੁ ਦੇਇ।। ਫੋਕਟ ਕਰਮ ਨਿਹਫਲ ਹੈ ਸੇਵ।।੨।।
ਜੇ ਮਿਰਤਕ ਕਉ ਚੰਦਨੁ ਚੜਾਵੈ।। ਉਸ ਤੇ ਕਹਹੁ ਕਵਨ ਫਲ ਪਾਵੈ।।
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ।। ਤਾਂ ਮਿਰਤਕ ਕਾ ਕਿਆ ਘਟਿ ਜਾਈ।।੩।।
ਕਹਤ ਕਬੀਰ, ਹਉ ਕਹਉ ਪੁਕਾਰਿ।। ਸਮਝਿ ਦੇਖੁ ਸਾਕਤ ਗਾਵਾਰ।।
ਦੂਜੈ ਭਾਇ ਬਹੁਤੁ ਘਰ ਗਾਲੇ।। ਰਾਮ ਭਗਤ ਹੈ ਸਦਾ ਸੁਖਾਲੇ।।੪।।੪।।੧੨।।

(ਪੰਨਾ ੧੧੬੦)

ਪਦ ਅਰਥ :- ਦੇਵ-ਰੱਬ। ਪਾਈ-ਪੈਰੀਂ। ਘਾਲ-ਮਿਹਨਤ, ਸੇਵਾ। ਅਜਾਂਈ-ਵਿਅਰਥ।੧। ਸਦ-ਸਦਾ, ਹਮੇਸ਼ਾ। ਦਾਨੁ ਦੇਤਾ-ਦਾਨ ਦੇਣ ਵਾਲਾ ਹੈ।੧। ਰਹਾਉ। ਅੰਤਰ-ਅੰਦਰ ਵਸਦਾ। ਦੇਉ-ਪ੍ਰਭੂ। ਅੰਧੁ-ਅੰਨ੍ਹਾ ਮਨੁੱਖ। ਭ੍ਰਮ ਕਾ ਮੋਹਿਆ-ਭਰਮਾਂ ਦਾ ਮਾਰਿਆ, ਭਰਮਾਂ ਵਿੱਚ ਫਸਿਆ। ਫੰਧ-ਫੰਧਾ। ਫੋਕਟ-ਫੋਕੇ। ਨਿਹਫਲ-ਨਿਸਫਲ, ਵਿਅਰਥ।੨। ਮਿਰਤਕ-ਮੁਰਦਾ। ਬਿਸਟਾ-ਗੰਦ।੩। ਪੁਕਾਰਿ-ਕੂਕ ਕੇ। ਸਾਕਤ-ਪ੍ਰਮਾਤਮਾ ਨਾਲੋਂ ਟੁੱਟਿਆ ਮਨੁੱਖ, ਗਾਵਾਰ-ਮੂਰਖ। ਦੂਜੈ ਭਾਇ-ਪ੍ਰਭੂ ਨੂੰ ਵਿਸਾਰ ਕੇ ਕਿਸੇ ਹੋਰ ਦੇ ਪਿਆਰ ਵਿੱਚ। ਘਰ-ਸ੍ਰੀਰ ਰੂਪੀ ਘਰ (ਜੀਵ)। ਗਾਲੇ-ਤਬਾਹ (ਬਰਬਾਦ) ਕੀਤੇ।੪।



www.AKJ.Org

## ਅਰਥ ਵਿਆਖਿਆ

ਅਰਥ : ਸਾਡਾ ਠਾਕੁਰ ਸਦਾ ਬੋਲਦਾ ਹੈ, ਉਹ ਪ੍ਰਭੂ ਸਾਰੇ ਜੀਵਾਂ ਨੂੰ ਦਾਨ ਦੇਣ ਵਾਲਾ ਹੈ।੧। ਰਹਾਉ।

ਜਿਹੜੇ ਮਨੁੱਖ ਪੱਥਰ ਦੀ ਮੂਰਤੀ ਨੂੰ ਰੱਬ ਕਹਿੰਦੇ ਹਨ ਉਨ੍ਹਾਂ ਦੀ ਕੀਤੀ ਸੇਵਾ ਅਜਾਈਂ ਜਾਂਦੀ ਹੈ। ਜਿਹੜੇ ਮਨੁੱਖ ਪੱਥਰ ਦੀ ਮੂਰਤੀ ਦੇ ਪੈਰੀਂ ਪੈਂਦੇ ਹਨ ਉਨ੍ਹਾਂ ਦੀ ਮਿਹਨਤ ਵਿਅਰਥ ਚਲੀ ਜਾਂਦੀ ਹੈ।੧।

ਅੰਨ੍ਹਾ ਮਨੁੱਖ ਆਪਣੇ ਅੰਦਰ ਵੱਸਦੇ ਪ੍ਰਭੂ ਨੂੰ ਨਹੀਂ ਪਛਾਣਦਾ, ਭਰਮ ਵਿੱਚ ਫਸਿਆ ਹੋਰ ਹੀ ਜਾਲ ਵਿਛਾਉਂਦਾ ਹੈ। ਇਹ ਪੱਥਰ ਨਾ ਬੋਲਦਾ ਹੈ ਅਤੇ ਨਾ ਹੀ ਕੁੱਝ ਦੇ ਸਕਦਾ ਹੈ। ਇਸ ਨੂੰ ਇਸ਼ਨਾਨ ਕਰਵਾਉਣ ਅਤੇ ਭੋਗ ਲਵਾਉਣ ਦੇ ਸਾਰੇ ਕੰਮ ਫੋਕੇ ਹਨ। ਇਸ ਦੀ ਸੇਵਾ ਵਿੱਚੋਂ ਕੋਈ ਫਲ ਨਹੀਂ ਮਿਲਦਾ।੨।

ਜੇ ਕੋਈ ਮਨੁੱਖ ਚੰਦਨ ਰਗੜ ਕੇ ਮੁਰਦੇ ਨੂੰ ਲਗਾ ਦੇਵੇ ਤਾਂ ਉਸ ਮੁਰਦੇ ਨੂੰ ਇਸ ਦਾ ਕੋਈ ਫਲ ਨਹੀਂ ਮਿਲ ਸਕਦਾ ਤੇ ਜੇ ਕੋਈ ਮੁਰਦੇ ਨੂੰ ਗੰਦ ਵਿਚ ਰੋਲ ਦੇਵੇ ਤਾਂ ਭੀ ਉਸ ਮੁਰਦੇ ਦਾ ਕੁਝ ਨਹੀਂ ਘਸ ਜਾਂਦਾ।੩।

ਕਬੀਰ ਕਹਿੰਦਾ ਹੈ ਕਿ ਮੈਂ ਪੁਕਾਰ ਪੁਕਾਰ (ਹਾਕਾਂ ਮਾਰ ਮਾਰ) ਆਖਦਾ ਹਾਂ, *"ਹੇ ਰੱਬ ਨਾਲੋਂ ਟੁੱਟੇ ਹੋਏ ਮੂਰਖ (ਸਾਕਤ ਗਵਾਰ) ! ਸਮਝ ਕੇ ਦੇਖ, ਰੱਬ ਨੂੰ ਵਿਸਾਰ ਕੇ ਹੋਰਨਾਂ ਨਾਲ ਪਿਆਰ ਪਾ ਕੇ ਬਹੁਤੇ ਜੀਵ ਤਬਾਹ ਹੋ ਗਏ। ਸਦਾ ਸੁਖੀ ਜੀਵਨ ਵਾਲੇ ਸਿਰਫ ਉਹੀ ਹਨ ਜੋ ਸਾਰਿਆਂ ਵਿੱਚ ਰਮੇ ਹੋਏ ਰਾਮ (ਪ੍ਰਭੂ) ਦੇ ਭਗਤ ਹਨ ।੪।੪।੧੨।।"*

ਵਿਆਖਿਆ :- ਇਹ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ ਪਰ ਇਸ ਦੇ ਅੰਤ ਵਿੱਚ 'ਨਾਨਕ' ਦੀ ਥਾਂ 'ਕਬੀਰ' ਸ਼ਬਦ ਵਰਤਿਆ ਗਿਆ ਹੈ ਕਿਉਂਕਿ ਇਹ ਸ਼ਬਦ ਕਬੀਰ ਸਾਹਿਬ ਦੇ ਸ਼ਬਦ ਨੰ: ੧੧ ਦੇ ਪਰਥਾਈਂ ਹੀ ਹੈ। ਕਬੀਰ ਸਹਿਬ ਗਿਆਰਵੇਂ ਸ਼ਬਦ ਵਿਚ ਕਹਿੰਦੇ ਹਨ -

ਜੋਗੀ ਗੋਰਖੁ ਗੋਰਖੁ ਕਰੈ।।
ਹਿੰਦੂ ਰਾਮ ਨਾਮੁ ਉਚਾਰੈ।।
ਮੁਸਲਮਾਨ ਕਾ ਏਕੁ ਖੁਦਾਇ।।
ਕਬੀਰ ਕਾ ਸੁਆਮੀ ਰਹਿਆ ਸਮਾਇ।।

ਭਾਵ ਜੋਗੀ ਪ੍ਰਭੂ ਨੂੰ ਵਿਸਾਰ ਕੇ ਗੋਰਖ ਗੋਰਖ ਜਪਦਾ ਹੈ, ਹਿੰਦੂ ਸ੍ਰੀ ਰਾਮ ਚੰਦਰ ਦੀ ਮੂਰਤੀ ਵਿੱਚ ਹੀ ਮਿਥੇ ਹੋਏ ਰਾਮ ਦਾ ਨਾਮ ਉਚਾਰਦਾ ਹੈ, ਮੁਸਲਮਾਨ ਨੇ ਸੱਤਵੇਂ ਅਸਮਾਨ ਵਿਚ ਬੈਠਾ ਹੋਇਆ ਨਿਰਾ ਆਪਣੇ ਮੁਸਲਮਾਨਾਂ ਦਾ ਹੀ ਰੱਬ ਮੰਨ ਰਖਿਆ ਹੈ ਪਰ ਮੇਰੇ ਕਬੀਰ ਦਾ ਪ੍ਰਭੂ ਉਹੀ ਹੈ ਜੋ ਸਾਰਿਆਂ ਵਿੱਚ ਵਿਆਪਕ ਹੈ ਤੇ ਸਭ ਦਾ ਸਾਂਝਾ ਹੈ।

ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਪੱਥਰ ਦੀ ਮੂਰਤੀ ਰੱਬ ਨਹੀਂ ਹੋ ਸਕਦੀ। ਪੱਥਰ ਜੜ੍ਹ ਵਸਤੂ ਹੈ ਜੋ ਮੁਰਦਾ ਹੈ। ਜੇ ਪੱਥਰ ਨੂੰ ਚੰਦਨ ਰਗੜ ਕੇ ਲਗਾ ਦਿੱਤਾ ਜਾਵੇ ਜਾਂ ਇਸ ਨੂੰ ਗੰਦਗੀ ਵਿਚ ਸੁੱਟ ਦਿੱਤਾ ਜਾਵੇ ਤਾਂ ਇਸ ਦੀ ਸਿਹਤ ਤੇ ਕੋਈ ਅਸਰ ਨਹੀਂ ਪੈਂਦਾ। ਪੱਥਰ ਦੀ ਮੂਰਤੀ ਨੂੰ ਰੱਬ ਕਰ ਕੇ ਮੰਨਣ ਵਾਲਿਆਂ ਦੀ ਸੇਵਾ ਅਜਾਂਈ ਹੀ ਜਾਂਦੀ ਹੈ । ਇਸ ਅੱਗੇ ਨੱਕ ਰਗੜਨ ਵਾਲੇ ਦੇ ਪੱਲੇ ਕੁੱਝ ਨਹੀਂ ਪੈਂਦਾ। ਮੁਰਦੇ ਨੂੰ ਪੂਜਣ ਨਾਲ ਕੀ ਫਲ ਮਿਲੇਗਾ ? ਗੁਰੂ ਸਾਹਿਬ ਕਹਿੰਦੇ ਹਨ :-

ਜੋ ਪਾਥਰ ਕਉ ਕਹਤੇ ਦੇਵ।।
ਤਾ ਕੀ ਬਿਰਥਾ ਹੋਵੈ ਸੇਵ।।
ਜੋ ਪਾਥਰ ਕੀ ਪਾਂਈ ਪਾਇ।।
ਤਿਸ ਕੀ ਘਾਲ ਅਜਾਂਈ ਜਾਇ।।੧।।

ਕਬੀਰ ਸਾਹਿਬ ਆਸਾ ਰਾਗ ਵਾਲੇ ਇੱਕ ਸ਼ਬਦ ਵਿੱਚ ਪੱਥਰ ਦੀ ਮੂਰਤੀ ਵਾਰੇ ਇਉਂ ਬਿਆਨ ਕਰਦੇ ਹਨ :-

ਪਾਖਾਨ ਗਢਿ ਕੈ ਮੂਰਤਿ ਕੀਨੀ,
ਦੇ ਕੈ ਛਾਤਾ ਪਾਉ।।
ਜੇ ਇਹ ਮੂਰਤਿ ਸਾਚੀ ਹੈ,
ਤਉ ਗੜ੍ਹਣਹਾਰੇ ਖਾਉ।।੩।। (ਪੰਨਾ ੪੭੯)

ਭਾਵ ਮੂਰਤੀ ਘੜਨ ਵਾਲੇ ਨੇ ਪੱਥਰ ਘੜ ਕੇ, ਘੜਨ ਵੇਲੇ ਮੂਰਤੀ ਦੀ ਛਾਤੀ ਉਪਰ ਪੈਰ ਰੱਖ ਕੇ ਮੂਰਤੀ ਤਿਆਰ ਕੀਤੀ ਹੈ। ਜੇ ਇਹ ਮੂਰਤੀ ਹੀ ਅਸਲੀ ਦੇਵਤਾ (ਰੱਬ) ਹੈ ਤਾਂ ਇਸ ਬੇਇੱਜ਼ਤੀ ਕਾਰਨ ਘੜਨ ਵਾਲੇ ਨੂੰ ਹੀ ਖਾ ਜਾਂਦੀ।

ਭੁੱਲੜ ਲੋਕੀਂ ਮੂਰਤੀਆਂ ਅੱਗੇ ਤਰ੍ਹਾਂ-ਤਰ੍ਹਾਂ ਦੇ ਭੋਜਨ ਰੱਖਦੇ ਹਨ ਜਿਨ੍ਹਾਂ ਨੂੰ ਪੁਜਾਰੀ ਹੀ ਛੱਕ ਜਾਂਦੇ ਹਨ ਪਰ ਮੂਰਤੀ ਦੇ ਮੂੰਹ ਵਿੱਚ ਕੁੱਝ ਨਹੀਂ ਪੈਂਦਾ ਕਿਉਂਕਿ ਇਹ ਤਾਂ ਨਿਰਜਿੰਦ (ਬੇਜਾਨ) ਹੈ, ਖਾਵੇ ਕਿਵੇਂ ? ਕਬੀਰ ਸਾਹਿਬ ਨੇ ਖੂਬ ਨਕਸ਼ਾ ਖਿਚਿਆ ਹੈ, ਉਹ ਕਹਿੰਦੇ ਹਨ



www.AKJ.Org

ਕਿ ਭਾਤੁ (ਚੌਲ), ਪਹਿਤਿ (ਦਾਲ), ਲਾਪਸੀ (ਪਤਲਾ ਕੜਾਹ), ਕਰਕਰਾ ਕਾਸਾਰੁ (ਖ਼ਸਤਾ ਪੰਜੀਰੀ) ਆਦਿ ਤਾਂ ਖਾਣ ਵਾਲਾ ਪੁਜਾਰੀ ਖਾ ਗਿਆ, ਮੂਰਤੀ ਦੇ ਮੂੰਹ ਵਿੱਚ ਤਾਂ ਸੁਆਹ ਹੀ ਪਈ ਭਾਵ ਉਸ ਨੂੰ ਤਾਂ ਕੁਝ ਨਾਂ ਮਿਲਿਆ :-

ਭਾਤੁ ਪਹਿਤਿ ਅਰੁ ਲਾਪਸੀ,
ਕਰਕਰਾ ਕਾਸਾਰੁ।।
ਭੋਗਨਹਾਰੇ ਭੋਗਿਆ,
ਇਸ ਮੂਰਤਿ ਕੇ ਮੁਖ ਛਾਰੁ।।੪।।

ਕਬੀਰ ਸਾਹਿਬ ਕਹਿੰਦੇ ਹਨ ਕਿ ਮੂਰਤੀ ਅੱਗੇ ਭੇਟ ਕਰਨ ਲਈ ਮਾਲਣ ਪੱਤਰ ਤੋੜਦੀ ਹੈ ਪਰ ਉਹ ਇਹ ਨਹੀਂ ਜਾਣਦੀ ਕਿ ਹਰ ਪੱਤਰ ਵਿਚ ਜਾਨ ਹੈ। ਜਿਸ ਪੱਥਰ ਦੀ ਮੂਰਤੀ ਲਈ ਮਾਲਣ ਪੱਤਰ ਤੋੜਦੀ ਹੈ ਉਹ ਪੱਥਰ ਦੀ ਮੂਰਤੀ ਨਿਰਜਿੰਦ ਹੈ। ਇਸ ਤਰ੍ਹਾਂ ਮਾਲਣ ਭੁੱਲ ਰਹੀ ਹੈ, ਅਸਲੀ ਇਸ਼ਟ ਸਤਿਗੁਰੂ ਤਾਂ ਜੀਉਂਦਾ ਜਾਗਦਾ ਦੇਵਤਾ ਹੈ।

ਪਾਤੀ ਤੋਰੈ ਮਾਲਿਨੀ,
ਪਾਤੀ ਪਾਤਿ ਜੀਉ।।
ਜਿਸ ਪਾਹਨ ਕਉ ਪਾਤੀ ਤੋਰੈ
ਸੋ ਪਾਹਨ ਨਿਰਜੀਉ।।੧।।
ਭੂਲੀ ਮਾਲਨੀ ਹੈ ਏਉ।।
ਸਤਿਗੁਰੁ ਜਾਗਤਾ ਹੈ ਦੇਉ।।੧।। ਰਹਾਉ।।
(ਪੰਨਾ ੪੭੯)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਹ ਹੀ ਗੱਲ ਆਖੀ ਹੈ :-

ਠਾਕੁਰੁ ਹਮਰਾ ਸਦ ਬੋਲੰਤਾ।।
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ।।੧।। ਰਹਾਉ।।

ਭਾਵ ਸਾਡਾ ਠਾਕੁਰ ਸਦਾ ਬੋਲਦਾ ਹੈ, ਉਹ ਪ੍ਰਭੂ ਸਭ ਜੀਆਂ ਨੂੰ ਦਾਨ ਦੇਣ ਵਾਲਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :-

ਏ ਮਨ ਮਤ ਜਾਣਹਿ ਹਰਿ ਦੂਰਿ ਹੈ,
ਸਦਾ ਵੇਖੁ ਹਦੂਰਿ।।
ਸਦ ਸੁਣਦਾ ਸਦ ਵੇਖਦਾ,
ਸਬਦਿ ਰਹਿਆ ਭਰਪੂਰਿ।।੧।। ਰਹਾਉ।।
(ਪੰਨਾ ੪੨੯)

ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਮੇਰੇ ਮਨ ! ਕਿਤੇ ਇਹ ਨਾ ਸਮਝ ਬੈਠੀਂ ਕਿ ਪਰਮਾਤਮਾ ਤੇਰੇ ਤੋਂ ਕਿਤੇ ਦੂਰ ਵਸਦਾ ਹੈ, ਉਸ ਨੂੰ ਸਦਾ ਆਪਣੇ ਅੰਗ ਸੰਗ ਵਸਦਾ ਵੇਖ। ਤੇਰੇ ਬੋਲਾਂ ਨੂੰ ਉਹ ਸਦਾ ਸੁਣ ਰਿਹਾ ਹੈ ਅਤੇ ਤੇਰੇ ਕੰਮਾਂ ਨੂੰ ਵੀ ਉਹ ਸਦਾ ਵੇਖ ਰਿਹਾ ਹੈ। ਗੁਰੂ ਦੇ ਸਬਦ ਵਿਚ ਜੁੜ, ਤੈਨੂੰ ਪ੍ਰਭੂ ਹਰ ਥਾਂ ਵਿਆਪਕ ਦਿਸ ਪਵੇਗਾ।

ਗੁਰੂ ਰਾਮਦਾਸ ਜੀ ਨੇ ਕੇਹਾ ਸੋਹਣਾ ਆਖਿਆ ਹੈ :-

"ਗੁਰ ਸਬਦੀ ਗੋਵਿਦੁ ਗਜਿਆ।।"
(ਪੰਨਾ ੧੩੧੫)

ਗੁਰੂ ਦੇ ਸ਼ਬਦ ਦੀ ਬਰਕਤ ਨਾਲ ਭਗਤ ਜਨਾਂ ਦੇ ਹਿਰਦੇ ਅੰਦਰ ਗੋਬਿੰਦ (ਪ੍ਰਭੂ ਪਰਮਾਤਮਾ) ਗੱਜ ਪੈਂਦਾ ਹੈ, ਉਹ ਹਰ ਥਾਂ ਪ੍ਰਭੂ ਨੂੰ ਵੱਸਦਾ ਵੇਖਦੇ ਹਨ।

ਸਤਿਗੁਰੂ, ਨਾਮ-ਬਾਣੀ ਦੇ ਆਹਾਰੂ ਸੱਚੇ ਸਿੱਖਾਂ ਦੇ ਹਿਰਦੇ ਵਿੱਚ ਵਿਆਪਕ ਹੈ-

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ।
(ਪੰਨਾ ੩੧੭)

ਹਾਂ ਜੀ ! ਜਿਨ੍ਹਾਂ ਗੁਰੂ ਪਿਆਰਿਆਂ ਦੇ ਹਿਰਦੇ ਵਿੱਚ ਗੁਰੂ ਦਾ ਸ਼ਬਦ (ਗੁਰਮੰਤ੍ਰ) ਵੱਸ ਜਾਂਦਾ ਹੈ ਉਹ ਮਾਇਆ ਦਾ ਭੇੜਾ ਚਸਕਾ ਛੱਡ ਕੇ ਅੱਠੇ ਪਹਿਰ ਇੱਕ ਪ੍ਰਭੂ ਦੀ ਯਾਦ ਵਿੱਚ ਜੁੜੇ ਰਹਿੰਦੇ ਹਨ-

"ਅਠੇ ਪਹਰ ਇਕਤੈ ਲਿਵੈ" (ਪੰਨਾ ੯੫੯)

ਕਿਉਂਕਿ ਉਨ੍ਹਾਂ ਨੇ "ਆਨਦ ਮੂਲੁ ਰਾਮੁ ਸਭੁ ਦੇਖਿਆ" (ਪੰਨਾ ੧੩੧੫) ਭਾਵ ਉਹ ਹਰ ਥਾਂ ਅਨੰਦ ਦੇ ਸੋਮੇਂ ਪਰਮਾਤਮਾ ਨੂੰ ਵੱਸਦਾ ਵੇਖਦੇ ਹਨ। ਸਤਿਗੁਰੂ ਤਾਂ ਜੀਉਂਦਾ ਜਾਗਦਾ ਦੇਵਤਾ (ਰੱਬ) ਹੈ -

"ਭੂਲੀ ਮਾਲਨੀ ਹੈ ਏਉ।।
ਸਤਿਗੁਰੁ ਜਾਗਤਾ ਹੈ ਦੇਉ।।"

ਹਾਂ ਹਾਂ ! "ਠਾਕੁਰੁ ਹਮਰਾ ਸਦ ਬੋਲੰਤਾ।।" ਨਿਰਜਿੰਦ ਨਹੀਂ, "ਸਦ ਬੋਲੰਤਾ।" ਬੋਲਦਾ ਕਿਵੇਂ ਹੈ ?-

"ਗੁਰ ਸਬਦੀ ਗੋਵਿਦੁ ਗਜਿਆ।"

ਰਸਕ ਰਸਕ ਗੁਣ ਗਾਵਣ ਨਾਲ, ਪ੍ਰੇਮ ਸਹਿਤ ਸਿਫਤਿ ਸਾਲਾਹ ਕਰਨ ਨਾਲ, ਗੁਰੂ ਗੁਰੂ ਜਪਣ ਨਾਲ "ਪ੍ਰਗਟੇ ਗੋਪਾਲ ਗੋਬਿੰਦ ਲਾਲਨ" (ਪੰਨਾ ੪੯੦) ਗੋਬਿੰਦ ਪ੍ਰਗਟ ਹੋ ਜਾਂਦਾ ਹੈ, ਸਾਰੇ ਫਿਕਰ ਅੰਦੇਸੇ ਮਿਟ ਜਾਂਦੇ ਹਨ, "ਅਨਦੋ ਅਨਦੁ ਘਣਾ, ਮੈ ਸੋ ਪ੍ਰਭੁ ਡੀਠਾ ਰਾਮ।" (ਪੰਨਾ ੪੫੨)।

ਹਾਂ ਜੀ ! "ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ" (ਪੰਨਾ ੨੯੫) ਭਾਵ ਗੋਪਾਲ ਪ੍ਰਭੂ ਉੱਚੀ ਕਰਣੀ ਵਾਲੇ ਬੰਦੇ ਦੇ ਮੱਥੇ ਉੱਤੇ ਪ੍ਰਗਟ ਹੁੰਦੇ ਹਨ ਅਰਥਾਤ ਜੋਤਿ


www.AKJ.Org

(ਪ੍ਰਕਾਸ਼) ਪ੍ਰਭੂ ਪਿਆਰਿਆਂ ਦੇ ਮੱਥੇ ਤੋਂ ਪ੍ਰਗਟ ਹੁੰਦਾ ਹੈ। ਅਜੇਹੇ ਗੁਰੂ ਸੁਆਰਿਆਂ ਦੀ ਸੰਗਤ ਸਦਕਾ ਮੂੜ੍ਹ ਮੁਗਧ ਵੀ ਭਵ-ਸਾਗਰ ਵਿਚੋਂ ਪਾਰ ਹੋ ਜਾਂਦੇ ਹਨ "ਲੱਕੜ ਸੰਗ ਲੋਹਾ ਭੀ ਤਰੈ।" ਇਹ ਫਲ "ਸ਼ਬਦ" ਦੀ ਕਮਾਈ ਸਦਕਾ ਹੀ ਹੈ, "ਗੁਰ-ਸ਼ਬਦੀ ਗੋਵਿਦੁ ਗਜਿਆ।"

ਪੱਥਰ ਦੀਆਂ ਮੂਰਤੀਆਂ ਬੰਦੇ ਦਾ ਕੀ ਸੁਆਰ ਸਕਦੀਆਂ ਹਨ ? ਪੱਥਰ ਦੇ ਬਣਾਏ ਹੋਏ ਦੇਵੀ ਦੇਵਤਿਆਂ ਨੂੰ ਪਾਣੀ ਵਿੱਚ ਧੱਣ ਨਾਲ ਪਾਣੀ ਵਿਚ ਹੀ ਡੁੱਬ ਜਾਂਦੇ ਹਨ।

ਦੇਵੀ ਦੇਵਾ ਪੂਜੀਐ ਭਾਈ,
ਕਿਆ ਮਾਗਉ ਕਿਆ ਦੇਹਿ।।
ਪਾਹਣੁ ਨੀਰਿ ਪਖਾਲੀਐ ਭਾਈ,
ਜਲ ਮਹਿ ਬੂਡਹਿ ਤੇਹਿ।।੬।।

(ਸੋਰਠਿ ਮ: ੧, ਪੰਨਾ ੬੩੭)

ਗੁਰੂ ਨਾਨਕ ਦੇਵ ਜੀ ਦੇ ਇਸ ਵਿਚਾਰ ਨੂੰ ਮੁੱਖ ਰੱਖ ਕੇ ਪੰਚਮ ਪਾਤਸ਼ਾਹ ਮੂਰਤੀ ਪੂਜਕਾਂ ਦੀ ਸੇਵਾ ਨੂੰ ਬਿਰਥੀ ਦੱਸਦੇ ਹਨ ਅਤੇ ਆਪਣੇ ਅੰਦਰ ਵਸਦੇ ਪ੍ਰਭੂ, ਹਰ ਥਾਂ ਰਮੇ ਹੋਏ ਰਾਮ ਦੀ ਅਰਾਧਨਾ ਵੱਲ ਸਾਡਾ ਧਿਆਨ ਦਿਵਾਉਂਦੇ ਹਨ। ਕਬੀਰ ਸਾਹਿਬ ਦਾ ਵੀ ਇਹੋ ਕਹਿਣਾ ਹੈ-

ਪੂਜਹੁ ਰਾਮੁ ਏਕੁ ਹੀ ਦੇਵਾ।।
ਸਾਚਾ ਨਾਵਣੁ, ਗੁਰੁ ਕੀ ਸੇਵਾ।।

(ਆਸਾ ਕਬੀਰ ਜੀ, ਪੰਨਾ ੪੮੪)

ਭਾਵ ਗੁਰੂ ਦੇ ਦੱਸੇ ਰਾਹ ਤੇ ਤੁਰਨਾ ਹੀ ਅਸਲ ਤੀਰਥ ਇਸ਼ਨਾਨ ਹੈ, ਬੰਦੇ ਨੂੰ ਇੱਕ ਅਕਾਲ ਪੁਰਖ ਦੀ ਹੀ ਅਰਾਧਨਾ ਕਰਨੀ ਚਾਹੀਦੀ ਹੈ।

ਕਾਹੇ ਕੋ ਪੂਜਤ ਪਾਹਨ ਕੋ,
ਕਛੁ ਪਾਹਨ ਮੈਂ ਪਰਮੇਸਰ ਨਾਹੀ।।
ਤਾਹੀ ਕੋ ਪੂਜ ਪ੍ਰਭੂ ਕਰ ਕੈ,
ਜਿਹ ਪੂਜਤ ਹੀ ਅਘ ਓਘ ਮਿਟਾਹੀ।।
ਆਧਿ ਬਿਆਧਿ ਕੇ ਬੰਧਨ ਜੇਤਕ,
ਨਾਮ ਕੇ ਲੇਤ ਸਭੈ ਛੁਟ ਜਾਹੀ।।
ਤਾਂਹੀ ਕੋ ਧਯਾਨ ਪ੍ਰਮਾਨ ਸਦਾ,
ਯਹਿ ਫੋਕਟ ਧਰਮ ਕਰੇ ਫਲ ਨਾਹੀ।।੨੦।।

(ਤੇਤੀ ਸਵੈਯੇ, ਪਾ: ੧੦)

## ੧ਓ ਜਾਂ ੴ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਰੰਭਕ ਸ਼ਬਦ "ੴ" ਹੈ ਜਿਸ ਦਾ ਠੀਕ ਉਚਾਰਨ *'ਇਕ ਓਅੰਕਾਰ'* ਹੈ। ਓਅੰਕਾਰ (ਓੰ) ਦੇ ਅੱਗੇ ੧ (ਏਕੇ) ਨੂੰ ਏਕ ਜਾਂ ਇਕ ਪੜ੍ਹਿਆ ਜਾਂਦਾ ਹੈ ਅਤੇ ਗੁਰਬਾਣੀ ਅੰਦਰ 'ੴ' ਨੂੰ *'ਏਕੰਕਾਰੁ'* ਲਿਖਿਆ ਵੀ ਮਿਲਦਾ ਹੈ।

ਏਕਮ ਏਕੰਕਾਰੁ ਨਿਰਾਲਾ।।
ਅਮੁਰ ਅਜੋਨੀ ਜਾਤਿ ਨ ਜਾਲਾ।। (ਪੰਨਾ ੮੩੮)

ਪੰਨਾ ੬੨੯ ਤੇ "*ਓਅੰਕਾਰੁ*" ਦੀ ਬਾਣੀ ਅੰਦਰ ਇਉਂ ਲਿਖਿਆ ਹੋਇਆ ਹੈ :-

"ਓਅੰਕਾਰਿ ਬ੍ਰਹਮਾ ਉਤਪਤਿ।।
ਓਅੰਕਾਰੁ ਕੀਆ ਜਿਨਿ ਚਿਤਿ।।"

'ਜਾਪੁ' ਸਾਹਿਬ ਵਿਚ ਵੀ 'ਓੰ' ਦਾ ਉਚਾਰਨ *'ਓਅੰਕਾਰ'* ਹੀ ਅੰਕਤ ਕੀਤਾ ਹੋਇਆ ਹੈ :-

ਓਅੰਕਾਰ ਆਦਿ।। ਕਥਨੀ ਅਨਾਦਿ।।.......੧੬੭।।

ਭਾਈ ਗੁਰਦਾਸ ਜੀ ਨੇ ਵੀ ਇਉਂ ਹੀ ਲਿਖਿਆ ਹੈ :-

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ। (ਵਾਰ ੩/੧੫)

'ੴ' ਦੇ ਤਿੰਨ ਹਿੱਸੇ ਹਨ-੧, ਓ ਅਤੇ ੰ। ੧-ਇੱਕ, ਓ-ਓਅੰ, ੰ-ਕਾਰ। ਪੂਰੇ ਸ਼ਬਦ ਦਾ ਪਾਠ *'ਓਅੰਕਾਰ'* ਹੈ। *'ਓੰ'* ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਬ੍ਰਹਮ। *'ਓੰ'* ਦੇ ਅਗੇ *'੧'* ਲਿਖਣ ਨਾਲ ਇਸ ਦੇ ਅਰਥ ਬਣ ਜਾਂਦਾ ਹੈ *'ਉਹ ਹਸਤੀ ਜੋ ਇੱਕ ਹੈ'* ਜਿਸ ਵਰਗਾ ਕੋਈ ਹੋਰ ਨਹੀਂ ਹੈ ਅਤੇ ਜਿਸ ਵਿੱਚ ਇਹ ਸਾਰਾ ਸੰਸਾਰ ਸਮਾ ਜਾਂਦਾ ਹੈ।

'ੴ' ਦਾ ਤੀਜਾ ਹਿੱਸਾ ਹੈ 'ੰ' ਜਿਸ ਦਾ ਉਚਾਰਨ ਹੈ *'ਕਾਰ'*। *'ਕਾਰ'* ਸੰਸਕ੍ਰਿਤ ਦਾ ਇੱਕ ਪਿਛੇਤਰ ਹੈ ਜਿਸ ਦਾ ਅਰਥ ਹੈ *'ਇਕ ਰਸ ਜਿਸ ਵਿਚ ਤਬਦੀਲੀ ਨਾ ਆਵੇ।'* ਸੋ 'ੴ' (ਇਕ ਓਅੰਕਾਰ) ਦਾ ਅਰਥ ਹੋਇਆ *"ਇਕ ਅਕਾਲ ਪੁਰਖ ਜੋ ਇਕ ਰਸ ਵਿਆਪਕ ਹੈ।"*

ਅੱਜਕਲ ਛਾਪੇਖਾਨੇ ਦੀ ਅਣਗਹਿਲੀ (ਜਾਣੇ ਜਾਂ ਅਣਜਾਣੇ) ਕਾਰਨ 'ੴ' ਨੂੰ 'ਬਿਨਾਂ *'ਕਾਰ'*( ) ਲਗਾਇਆਂ ਛਾਪ ਦਿੱਤਾ ਜਾਂਦਾ ਹੈ ਜਿਹੜਾ ਕਿ ਪੂਰਾ ਸ਼ਬਦ ਨਹੀਂ। ਗੁਰਬਾਣੀ ਲਿਖਣ ਵਿੱਚ ਸਾਨੂੰ ਅੱਖਰ ਲਗ-ਮਾਤਰ ਵੱਧ ਘੱਟ ਕਰਕੇ ਪਾਪਾਂ ਦੇ ਅਧਿਕਾਰੀ ਨਹੀਂ ਬਣਨਾ ਚਾਹੀਦਾ ਸਗੋਂ 'ਧੁਰ ਕੀ ਬਾਣੀ' ਦੇ ਸ਼ੁਧ ਉਚਾਰਣ ਅਤੇ ਲਿਖਣ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਪੂਰਾ ਸ਼ਬਦ 'ੴ' (ਇਕ ਓਅੰਕਾਰ) ਹੈ, ੧ਓ (ਇਕ ਓਅੰ) ਨਹੀਂ।



www.AKJ.Org

# ਆਨਮਤ ਫੋਕਟ ਧਰਮ ਕਰਮ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਜਾਨਉ ਨਹੀ ਭਾਵੈ ਕਵਨ ਬਾਤਾ।।
ਮਨ ਖੋਜਿ ਮਾਰਗੁ।।੧।। ਰਹਾਉ।।
ਧਿਆਨੀ ਧਿਆਨੁ ਲਾਵਹਿ।।
ਗਿਆਨੀ ਗਿਆਨੁ ਕਮਾਵਹਿ।।
ਪ੍ਰਭੁ ਕਿਨਹੀ ਜਾਤਾ।।੧।। ਰਹਾਉ।।
ਭਗਉਤੀ ਰਹਤ ਜੁਗਤਾ।।
ਜੋਗੀ ਕਹਤ ਮੁਕਤਾ।।
ਤਪਸੀ ਤਪਹਿ ਰਾਤਾ।।੨।।
ਮੋਨੀ ਮੋਨਿਧਾਰੀ।।
ਸਨਿਆਸੀ ਬ੍ਰਹਮਚਾਰੀ।।
ਉਦਾਸੀ ਉਦਾਸਿ ਰਾਤਾ।।੩।।
ਭਗਤਿ ਨਵੈ ਪਰਕਾਰਾ।।
ਪੰਡਿਤੁ ਵੇਦੁ ਪੁਕਾਰਾ।।
ਗਿਰਸਤੀ ਗਿਰਸਤਿ ਧਰਮਾਤਾ।।੪।।
ਇਕ ਸਬਦੀ ਬਹੁ ਰੂਪਿ ਅਵਧੂਤਾ।।
ਕਾਪੜੀ ਕਉਤੇ ਜਾਗੂਤਾ।।
ਇਕਿ ਤੀਰਥਿ ਨਾਤਾ।।੫।।
ਨਿਰਹਾਰ ਵਰਤੀ ਆਪਰਸਾ।।
ਇਕਿ ਲੂਕਿ ਨ ਦੇਵਹਿ ਦਰਸਾ।।
ਇਕਿ ਮਨਿ ਹੀ ਗਿਆਤਾ।।੬।।
ਘਾਟਿ ਨ ਕਿਨ ਹੀ ਕਹਾਇਆ।।
ਸਭ ਕਹਤੇ ਹੈ ਪਾਇਆ।।
ਜਿਸੁ ਮੇਲੇ ਸੋ ਭਗਤਾ।।੭।।
ਸਗਲ ਉਕਤਿ ਉਪਾਵਾ।।
ਤਿਆਗੀ ਸਰਨਿ ਪਾਵਾ।।
ਨਾਨਕੁ ਗੁਰ ਚਰਣਿ ਪਰਾਤਾ।।੮।।੨।।੨੭।।

(ਸਿਰੀ ਰਾਗੁ ਮ: ੫, ਪੰਨਾ ੭੧)

ਗੁਰੂ ਨਾਨਕ ਸਾਹਿਬ ਆਪਣੇ ਪੰਚਮ ਸਰੂਪ ਵਿੱਚ ਫੁਰਮਾਉਂਦੇ ਹਨ, ਮੈਂ ਨਹੀਂ ਜਾਣਦਾ ਵਾਹਿਗੁਰੂ ਨੂੰ ਕਿਹੜੀ ਗੱਲ ਭਾਉਂਦੀ ਹੈ। ਹੇ ਮਨ! ਤੱਤ ਪ੍ਰਮਾਰਥ ਦਾ ਮਾਰਗ ਖੋਜਣ ਵਿੱਚ ਲੱਗਿਆ ਰਹੁ। ਆਪੇ ਤੱਤ ਗੁਰਮਤਿ ਅਤੇ ਆਨਮਤ ਮਨਮਤਿ ਦਾ ਨਿਖੇੜਾ ਹੋ ਜਾਏਗਾ। ਜੋ ਆਪਣੀ ਮਤਿ ਅਨੁਸਾਰ ਜਾਂ ਆਨਮਤ ਦੇ ਪ੍ਰੇਰੇ ਹੋਏ ਧਿਆਨੀ ਬਣ ਕੇ ਧਿਆਨ ਲਾਉਂਦੇ ਫਿਰਦੇ ਹਨ ਅਤੇ ਫੋਕਟ ਗਿਆਨੀ ਬਣ ਕੇ ਗਿਆਨ ਕਮਾਉਂਦੇ ਫਿਰਦੇ ਹਨ, ਏਹਨਾਂ ਵਿੱਚੋਂ ਵਾਹਿਗੁਰੂ ਕਿਸੇ ਨੇ ਨਹੀਂ ਜਾਣਿਆ। ਵੈਸ਼ਨਵ ਭਗਤ (ਭਗਵਤ ਦਾ ਉਪਾਸ਼ਕ) ਵਰਤ, ਤੁਲਸੀ ਮਾਲਾ ਆਦਿਕ ਸੰਜਮ-ਜੁਗਤਾਂ ਵਿੱਚ ਹੀ ਐਵੇਂ ਫ਼ਾਲਤੂ ਜੁੱਟੇ ਰਹਿੰਦੇ ਹਨ। ਜੋਗੀ ਜਨ ਫੋਕਟ ਹਠ-ਜੋਗ ਕਮਾ ਕਮਾ ਕੇ ਅੜੇ ਖਫਾ ਖਫਾ ਕੇ ਕਹਿੰਦੇ ਹਨ ਕਿ ਅਸੀਂ ਮੁਕਤ ਹੋ ਗਏ, ਹਾਲਾਂਕਿ ਮੁਕਤੀ-ਮਾਰਗ ਦੇ ਉਹ ਨੇੜੇ ਵੀ ਨਹੀਂ ਢੁਕੇ ਹੁੰਦੇ। ਆਨਮਤ ਦੇ ਤਪ ਕਰਨਹਾਰਾ ਤਪੱਸੀ ਜਨ, ਆਨਮਤ ਦੇ ਅਨੇਕ ਪ੍ਰਕਾਰ ਦੇ ਤਪ ਕਰਨ ਵਿੱਚ ਹੀ ਸਾਰੀ ਉਮਰ ਰੁੱਝਿਆ ਰਹਿੰਦਾ ਹੈ! ਕੋਈ ਮੋਨੀ ਬਣ ਕੇ ਸਾਰੀ ਉਮਰ ਮੋਨ ਹੀ ਧਾਰੀ ਰੱਖਦਾ ਹੈ। ਏਸੇ ਤਰ੍ਹਾਂ ਸੰਨਿਆਸੀ ਸੰਨਿਆਸ ਨੂੰ ਤੇ ਬ੍ਰਹਮਚਾਰੀ ਏਕੋ ਬ੍ਰਹਮਚਰਜ ਨੂੰ ਲਈ ਬੈਠਾ ਹੈ। ਇਸੇ ਤਰ੍ਹਾਂ ਉਦਾਸੀ ਜਨ ਉਦਾਸ-ਭੇਖ ਦੇ ਪਾਖੰਡ ਵਿੱਚ ਹੀ ਲੱਥ ਪੱਥ ਰਹਿਣ ਨੂੰ ਮੰਹਾ ਮਾਰਗ ਦੱਸਦੇ ਹਨ। ਅਨੇਕਾਂ ਭੇਖੀ ਐਸੇ ਭੀ ਹਨ ਜੋ ਆਨਮਤ ਦਰਸਾਈ ਨੌਧਾ ਭਗਤੀ ਵਿੱਚ ਹੀ ਮੁਬਤਲਾ ਰਹਿੰਦੇ ਹਨ। ਕੋਈ ਆਨਮਤ ਭੇਖੀ ਪੁਰਸ਼ ਪੰਡਿਤ ਸਦਾ ਸਦਾ ਹੀ ਵੇਦ-ਵਕਤਾ ਵਿੱਚ ਤੇ ਵੇਦ ਪੁਕਾਰਨ ਦਾ ਗੁਮਾਨੀ ਬਣਿ ਬਣਿ ਬਹਿੰਦਾ ਹੈ। ਆਨ ਮਤ ਮੱਤਾਂਤਰਾਂ ਤੋਂ ਉਪਜੇ ਹੋਏ ਆਨ-ਮਤ ਅਸੂਲਾਂ ਵਾਲਾ ਗ੍ਰਿਸਤੀ, ਗ੍ਰਿਸਤੀ ਬਣ ਬਣ ਕੇ ਗ੍ਰਿਸਤ ਧਰਮ ਦਾ ਧਾਰਨੀ ਤੇ ਧਰਮਾਤਮਾ ਅਖਵਾਉਂਦਾ ਹੈ ਅਤੇ ਅਖਵਾ ਅਖਵਾ ਕੇ ਵਡਾਉਂਦਾ ਹੈ। ਆਲੱਖ ਆਲੱਖ ਉੱਚੀ ਉੱਚੀ ਕੂਕਣਹਾਰੇ ਕਈ ਅਨਮਤੀ ਬਹੁ-ਰੂਪੀਏ ਭੀ ਐਸੇ ਹਨ, ਜੋ ਇਸ ਮਨ-ਉਕਤ ਕੂਕ ਪੁਕਾਰ ਨੂੰ ਹੀ ਮੁਕਤੀ ਦਾ ਵਸੀਲਾ ਸਮਝੀ ਬੈਠੇ ਹਨ। ਅਨੇਕਾਂ ਐਸੇ ਹਨ ਜੋ ਨੰਗੇ, ਉੱਕੇ ਹੀ ਨਗਨ ਰਹਿ ਕੇ ਆਪਣੇ ਆਪ ਨੂੰ ਅਵਧੂਤ ਸਦਾਉਂਦੇ ਹਨ। ਇਸ ਦੇ ਮੁਕਾਬਲੇ ਵਿੱਚ ਇੱਕ ਅਨਿਕ ਪ੍ਰਕਾਰ ਦੇ ਭੇਖ ਲਿਬਾਸ ਪਹਿਨ ਕੇ ਕਾਪੜੀ ਸਦਾਉਣ ਵਿਚ ਪਰਮ ਪਦ ਪਾਉਣ ਦਾ ਸ਼ੁਦਾਉ ਆਪਣੇ ਮਗ਼ਜ਼ ਵਿਚ ਲਈ ਫਿਰਦੇ ਹਨ! ਬਹੁਤ ਸਾਰੇ ਅਨਮਤੀ-ਭੇਖੀ ਸੰਸਾਰੀਆਂ ਨੂੰ ਨਾਟਕ ਚੇਟਕ ਆਦਿਕ ਸੁਆਂਗ ਦਿਖਾ ਦਿਖਾ ਕੇ ਪ੍ਰਸੰਨ ਕਰਨ ਵਾਲੇ ਹਨ ਅਤੇ ਏਸ ਪ੍ਰਸੰਨਤਾ ਦੁਆਰਾ ਮਹਿਜ਼ ਆਪਣੀ ਵਡਿਆਈ ਹੀ ਕਰਦੇ ਹਨ। ਕੋਈ ਐਸਾ ਭੀ ਭੇਖੀ ਅਨਮਤੀ ਹੈ ਜੋ ਆਮ ਲੋਕਾਂ ਨੂੰ ਰੀਝਾਉਣ ਲਈ ਸਾਰੀ ਸਾਰੀ ਰਾਤ ਸੌਂਦਾ ਹੀ ਨਹੀਂ ਅਤੇ ਜਾਗ ਜਾਗ ਕੇ ਦਿਖਾਉਂਦਾ ਹੈ ਤੇ ਜਾਗੂਤਾ ਸਦਾਉਂਦਾ ਹੈ। ਇਸ ਪ੍ਰਕਾਰ ਦਾ ਐਸਾ ਭੀ ਆਨਮਤੀ ਫ਼ਿਰਕਾ ਹੈ ਜੋ ਤੀਰਥਾਂ ਵਿਚ ਨ੍ਹਾਈ ਜਾਣ ਨੂੰ ਹੀ



www.AKJ.Org

ਮੁਕਤ-ਮਾਰਗੀ ਸਮਝਦਾ ਹੈ। ਅਜਿਹਾ ਆਨਮਤੀ ਫ਼ਿਰਕਾ ਭੀ ਦੇਖਣ ਵਿਚ ਆਇਆ ਹੈ ਜੋ ਨਿਰ-ਅਹਾਰ ਵਰ੍ਤ ਰੱਖ ਕੇ ਤੇ ਭੁੱਖਾ ਰਹਿ ਕੇ ਦਿਨ-ਕਟੀ ਕਰਦਾ ਹੈ। ਐਸਾ ਭੀ ਇਕ ਫ਼ਿਰਕਾ ਹੈ ਜੋ ਲੁਕੇ ਫਿਰਨ ਨੂੰ ਹੀ ਅਤੇ ਕਿਸੇ ਨੂੰ ਦਰਸ਼ਨ ਨਾ ਦੇਣ ਨੂੰ ਹੀ ਤੱਤ-ਦਰਸੀ ਆਪਰਸ ਕਹਾਉਂਦਾ ਹੈ। ਇਕ ਐਸੇ ਭੀ ਮਨ-ਉਕਤ ਗਿਆਨੀਆਂ ਫਿਰਕਾ ਦਾ ਹੈ ਜੋ ਆਪਣੇ ਆਪ ਹੀ ਅਜ਼ ਖ਼ੁਦ ਮਨੋ ਮਨੀ ਗਿਆਨੀ ਬਣਿਆ ਫਿਰਦਾ ਹੈ।

ਏਹਨਾਂ ਉਪਰ ਦੱਸੇ ਮਨਮਤੀ ਫ਼ਿਰਕਿਆਂ ਵਿੱਚੋਂ ਕਿਸੇ ਨੇ ਭੀ ਆਪਣੇ ਆਪ ਨੂੰ ਘਟ ਨਹੀਂ ਸਦਾਇਆ। ਸਾਰੇ ਹੀ ਕਹਿੰਦੇ ਹਨ ਕਿ ਅਸੀਂ ਪਾਇਆ। ਪਰ ਪਾਇਆ ਕਿਸੇ ਨੇ ਨਹੀਂ, ਯਥਾ-"ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ"। ਜਿਸ ਨੂੰ ਵਾਹਿਗੁਰੂ ਆਪ ਕਿਰਪਾ ਕਰਕੇ ਗੁਰੂ ਦੁਆਰਾ ਗੁਰਦੀਖਿਆ ਦੀ ਕਮਾਈ ਦੁਆਰਾ ਆਪਣੇ ਸਰੂਪ ਦਾ ਸੱਚਾ ਮਿਲਾਪ ਬਖਸ਼ੇ, ਓਹੀ ਸੱਚਾ ਭਗਤ ਹੈ। ਗੁਰ ਪ੍ਰਮਾਣ-

ਭਗਤੁ ਤੇਰਾ ਸੋਈ ਤੁਧੁ ਭਾਵੈ
ਜਿਸਨੋ ਤੂ ਰੰਗੁ ਧਰਤਾ॥੨॥੨੦॥

(ਬਸੰਤੁ ਮ: ੫ ਹਿੰਡੋਲ, ਪੰਨਾ ੧੧੮੫)

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਮੈਂ ਕੇਵਲ ਤੇਰਾ ਬੰਦਾ ਹਾਂ, ਸਭ ਉਕਤੀਆਂ ਯੁਕਤੀਆ ਉਪਾਵਾਂ ਨੂੰ ਤਿਆਗ ਕੇ ਕੇਵਲ ਤੇਰੀ ਸ਼ਰਨੀ ਪਿਆ ਹਾਂ, ਗੁਰ ਚਰਨਾਂ ਦੀ ਪ੍ਰਾਪਤੀ ਕਰਕੇ ਤੇਰੀ ਸ਼ਰਨ ਆਇਆ ਹਾਂ। ਇਹੀ ਕੇਵਲ ਨਿਰੋਲ ਗੁਰਮਤਿ ਹੈ। ਉਪਰਲੇ ਦੱਸੇ ਪਖੰਡ ਕਿਰਿਆ ਵਾਲੇ ਸਭ ਮਨਮਤਿ ਭਰੇ ਆਨਮਤੀ ਅਸ਼ਟੰਡ ਹਨ, ਜਿਨ੍ਹਾਂ ਤੋਂ ਕੱਖ ਭੀ ਲਾਭ ਨਹੀਂ ਬਲਕਿ ਪ੍ਰਮਾਰਥ ਤੋਂ ਸੁੰਞੇ ਰਹਿਣ ਦਾ ਹੀਲਾ ਹੈ।

ਸਰੈ ਸਰੀਅਤ ਕਰਹਿ ਬੀਚਾਰੁ॥
ਬਿਨੁ ਬੂਝੇ ਕੈਸੇ ਪਾਵਹਿ ਪਾਰੁ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥੧॥੪॥

(ਸਿਰਿ ਰਾਗੁ ਕੀ ਵਾਰ, ਸਲੋਕ ਮ: ੧, ਪੰਨਾ ੮੪)

ਤੱਤ ਵਿਆਖਿਆ-ਮੁਸਲਮਾਨੀ ਮੱਤ ਦੇ ਸ਼ਰਹ ਸ਼ਰੀਅਤ ਦੇ ਮਸਲੇ ਵਾਹਿਗੁਰੂ ਦੀ ਵੀਚਾਰ ਦੇ ਆਪੋ ਆਪਣੇ ਟਪਲੇ ਤਾਂ ਲਾਉਂਦੇ ਹਨ, ਪ੍ਰੰਤੂ ਵਾਹਿਗੁਰੂ ਦੇ ਨਾਮ ਰੂਪੀ ਤੱਤ ਵੀਚਾਰ ਨੂੰ ਨਹੀਂ ਬੁੱਝਦੇ, ਇਸ ਲਈ ਏਹਨਾਂ ਮਸਲਿਆ ਦੁਆਰਾ ਪਾਰ-ਉਤਾਰਾ ਕੈਸੇ ਹੋਵੇ ? ਜ਼ਮੀਨ ਉਤੇ ਮੱਥਾ ਟੇਕ ਕੇ ਸਿਜਦਾ ਕਰਨ ਨਾਲੋਂ ਹਿਰਦੇ ਅੰਦਰ ਹੀ ਵਾਹਿਗੁਰੂ ਦੇ ਨਾਮ ਰੂਪੀ ਤੱਤ ਵੀਚਾਰ ਨੂੰ ਨਹੀਂ ਬੁੱਝਦੇ। ਇਸ ਲਈ ਏਹਨਾਂ ਮਸਲਿਆਂ ਦੁਆਰਾ ਪਾਰ, ਦੁਆਰਾ ਕੈਸੇ ਹੋਵੇ ? ਜ਼ਮੀਨ ਉਤੇ ਮੱਥਾ ਟੇਕ ਕੇ ਸਿਜਦਾ ਕਰਨ ਨਾਲੋਂ ਹਿਰਦੇ ਅੰਦਰ ਹੀ ਵਾਹਿਗੁਰੂ ਨਾਮ ਦੀ ਸਿਦਕ-ਮਈ ਸ਼ਰਧਾ ਨੂੰ ਧਾਰਨ ਕੀਤਾ ਜਾਏ ਅਤੇ ਮਨ ਨੂੰ ਅਸਥਿਰ ਰੱਖਣ ਨੂੰ ਹੀ ਮੱਕਾ ਮਖ਼ਸੂਸ ਕੀਤਾ ਜਾਵੇ ਫੇਰ ਗੁਰਮਤਿ ਅਨੁਸਾਰ ਅੰਤਰਿ ਚਾਨਣਾ ਹੋਣ ਕਰਕੇ ਹਰ ਕੂੰਟ ਵਿਖੇ ਹੀ ਜਿੱਧਰ ਦੇਖੋ, ਵਾਹਿਗੁਰੂ ਦਾ ਵਜੂਦ ਮੌਜੂਦ ਦਿਸਦਾ ਹੈ, ਪਰਤੱਖ ਨਜ਼ਰੀ ਆਉਂਦਾ ਹੈ।

ਸਪਤ ਦੀਪ ਸਪਤ ਸਾਗਰਾ
ਨਵਖੰਡ ਚਾਰਿ ਵੇਦ ਅਸਟ ਪੁਰਾਣਾ॥
ਹਰਿ ਸਭਨਾ ਵਿਚਿ ਤੂੰ ਵਰਤਦਾ
ਹਰਿ ਸਭਨਾ ਭਾਣਾ॥
ਸਭਿ ਤੁਝੈ ਧਿਆਵਹਿ ਜੀਅ ਜੰਤ
ਹਰਿ ਸਾਰਗਪਾਣਾ॥
ਜੋ ਗੁਰਮੁਖਿ ਹਰਿ ਆਰਾਧਦੇ
ਤਿਨ ਹਉ ਕੁਰਬਾਣਾ॥
ਤੂੰ ਆਪੇ ਆਪਿ ਵਰਤਦਾ
ਕਰਿ ਚੋਜ ਵਿਡਾਣਾ॥੪॥

(ਸਿਰਿ ਰਾਗੁ ਵਾਰ, ਪੰਨਾ ੮੪)

ਵਿਆਖਿਆ- ਗੁਰੂ ਰੂਪ ਵਾਹਿਗੁਰੂ ਨੂੰ ਸਭ ਪ੍ਰਕਾਰ ਦੇ ਅਨਮਤੀ ਲੋਗ ਇਉਂ ਨਹੀਂ ਪਾ ਸਕਦੇ, ਜਿਵੇਂ ਉੱਪਰ ਸਿਜਦਾ ਆਦਿਕ ਕਰਮਾਂ ਨਾਲ ਮੁਸਲਮਾਨੀ ਮਤ ਵਾਲੇ ਲੋਗ ਪਾਇਆ ਲੋੜਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਸਰੂਪ ਸਤਿਗੁਰੂ ਤਾਂ ਮਿਲਦਾ ਹੈ ਜੇ ਗੁਰਮਤਿ-ਦੀਖਿਆ ਅਭਿਆਸ ਕਰਨੀ ਦੁਆਰਾ ਅਭਿਆਸੀ ਜਨ ਜਗਿਆਸੂ ਦਾ ਮਨੂਆ ਅਸਥਿਰ ਰਹੇ, ਤਾਂ ਜ਼ਾਹਰਾ ਜ਼ਹੂਰ ਨੂਰ ਦੇ ਹਜ਼ੂਰੀ ਦਰਸ਼ਨ ਪਾ ਸਕਦਾ ਹੈ। ਇਸ ਸੁਣੀ ਸੁਣਾਈ ਗਿਆਤ ਦੇ ਤਾਂ ਸਭ ਅਨਮਤੀ ਲੋਗ ਵਾਕਫ਼ ਹਨ ਕਿ ਸੱਤਾਂ ਹੀ ਦੀਪਾਂ ਅਤੇ ਸੱਤਾਂ ਹੀ ਸਮੁੰਦਰਾਂ ਅਤੇ ਨਵਾਂ ਹੀ ਖੰਡਾਂ, ਚਹੁੰਆਂ ਵੇਦਾਂ ਅਤੇ ਅਠ੍ਹਾਰਾਂ ਪੁਰਾਣਾਂ ਵਿਖੇ ਵਾਹਿਗੁਰੂ ਵਿਆਪਕ ਹੈ। ਵਾਸਤਵ ਵਿੱਚ, ਹੇ ਵਾਹਿਗੁਰੂ ! ਤੂੰ ਚਾਹੇ ਸਭਨਾਂ ਦੇ ਭਾਣੇ ਸਾਰਿਆਂ ਵਿੱਚ ਹੀ ਵਰਤਦਾ ਹੈਂ, ਜਿਤਨੇ ਭੀ ਜੀਅ ਜੰਤ ਹਨ, ਹੇ ਵਾਹਿਗੁਰੂ ! ਸਭ ਤੈਨੂੰ ਹੀ ਧਿਆਉਂਦੇ ਜਾਪਦੇ ਹਨ। ਗੁਰੂ ਨਾਨਕ ਸ਼ਾਹਿਬ ਕੇਵਲ ਤਿਨ੍ਹਾਂ ਵਿਟਹੁੰ ਹੀ ਕੁਰਬਾਨ



www.AKJ.Org

ਜਾਂਦੇ ਹਨ ਜੋ ਜਨ ਗੁਰੂ ਦੁਆਰਾ ਵਾਹਿਗੁਰੂ ਦਾ ਅਰਾਧਨ ਕਰਦੇ ਹਨ। ਤਿਨ੍ਹਾਂ ਅਰਾਧਨਹਾਰੇ ਗੁਰਮੁਖਾਂ ਦੇ ਅੰਤਸ਼ਕਰਨ ਅੰਦਰ ਤੂੰ ਪਰਤੱਖ ਹੋ ਕੇ ਆਪ ਅਸਚਰਜ ਕੌਤਕ ਵਰਤਾਉਂਦਾ ਹੈਂ। ਇਸ ਗੁਰਵਾਕ ਅੰਦਰ ਪਹਿਲੀਆਂ ਤੁਕਾਂ ਵਿਖੇ ਚਾਰ ਵੇਦਾਂ, ਅਠਾਰ੍ਹਾਂ ਪੁਰਾਣਾਂ ਦਾ ਜ਼ਿਕਰ ਆਉਂਦਾ ਹੈ, ਇਸ ਜ਼ਿਕਰ ਤੋਂ ਏਹਨਾਂ ਆਨਮਤੀ ਪੁਸਤਕਾਂ (ਵੇਦ ਪੁਰਾਣ ਆਦਿਕਾਂ) ਦਾ ਵਿਧਾਨ ਹਰਗਿਜ਼ ਸਿੱਧ ਨਹੀਂ ਹੁੰਦਾ, ਬਲਕਿ ਸਾਧਾਰਨ ਕੁਦਰਤੀ ਪਸਾਰੇ ਦੇ ਪਸਰਾਉ ਅੰਦਰ ਆਉਣ ਕਰਕੇ ਏਹਨਾਂ ਦਾ ਸਰਸਰੀ ਜ਼ਿਕਰ ਹੀ ਆਇਆ ਹੈ। ਚਾਹੇ ਪਰਤੱਖ ਕਰਕੇ ਨਿਰੇਖਤ ਨਹੀਂ ਭਾਸਦਾ, ਪਰ ਸਿੱਟਾ ਨਿਖੇਧੀ ਵਾਲਾ ਹੀ ਨਿਕਲਦਾ ਹੈ।

ਪੜਿ ਪੜਿ ਪੰਡਿਤ ਬੇਦ ਵਖਾਣਹਿ
ਮਾਇਆ ਮੋਹ ਸੁਆਇ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ
ਮਨ ਮੂਰਖ ਮਿਲੈ ਸਜਾਇ॥
ਜਿਨਿ ਜੀਉ ਪਿੰਡੁ ਦਿਤਾ
ਤਿਸੁ ਕਬਹੂੰ ਨ ਚੇਤੈ
ਜੋ ਦੇਂਦਾ ਰਿਜਕੁ ਸੰਬਾਹਿ॥
ਜਮ ਕਾ ਫਾਹਾ ਗਲਹੁ ਨ ਕਟੀਐ
ਫਿਰਿ ਫਿਰਿ ਆਵੈ ਜਾਇ॥
ਮਨਮੁਖਿ ਕਿਛੂ ਨ ਸੂਝੈ ਅੰਧੁਲੇ
ਪੂਰਬਿ ਲਿਖਿਆ ਕਮਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ
ਨਾਮੁ ਵਸੈ ਮਨਿ ਆਇ॥੧॥੯॥

(ਸਿਰੀ ਰਾਗੁ ਵਾਰ, ਸਲੋਕ ਮ: ੩, ਪੰਨਾ ੮੫)

ਬੇਦ-ਵੇਤਾ ਪੰਡਿਤ ਲੋਗ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਖਾਣਦੇ ਹਨ। ਵਾਸਤਵ ਵਿੱਚ ਬੇਦਾਂ ਵਿੱਚ ਮਾਇਆ-ਮੋਹ ਦਾ ਸੁਆਉ ਹੀ ਭਰਿਆ ਪਇਆ ਹੈ, ਇਸ ਕਰਕੇ ਵੇਦ ਪੜ੍ਹਨਹਾਰਿਆਂ ਅਤੇ ਵੇਦਾਂ ਦੇ ਸੁਣਨਹਾਰਿਆਂ ਦੇ ਪੱਲੇ ਕੁਛ ਨਹੀਂ ਪੈਂਦਾ। ਵੇਦਾਂ ਵਿਖੇ ਕੇਵਲ ਦੂਜੇ ਭਾਇ ਦਾ ਹੀ ਪਸਾਰਾ ਵਰਤਦਾ ਹੈ। ਵਾਹਿਗੁਰੂ ਦੇ ਨਾਮ ਦਾ ਜ਼ਿਕਰ ਮਾਤਰ ਭੀ ਨਹੀਂ। ਤਾਂ ਤੇ ਵੇਦ ਵਖਾਨਣਹਾਰੇ ਮੂਰਖਾਂ ਦੇ ਮਨ ਮੂਰਖ ਹੀ ਰਹਿੰਦੇ ਹਨ ਤੇ ਮਨ-ਮੂਰਖ ਨੂੰ ਸਜਾ ਮਿਲਦੀ ਹੈ। ਜਿਸ ਵਾਹਿਗੁਰੂ ਨੇ ਜੀਉ ਪਿੰਡ ਦੀ ਬਖਸ਼ਿਸ਼ ਕੀਤੀ ਹੈ ਤੇ ਜੋ ਸਭਸ ਨੂੰ ਰਿਜ਼ਕ ਪਹੁੰਚਾਉਂਦਾ ਹੈ, ਤਿਸ ਨੂੰ ਮੂਰਖਾਂ ਦਾ ਮਨੂਆ ਕਦੇ ਨਹੀਂ ਚੇਤਦਾ। ਇਸ ਕਰਕੇ ਜਮ ਦਾ ਫਾਹਾ ਮੂਰਖ ਮਨ ਦੇ ਗਲੋਂ ਕਦੇ ਨਹੀਂ ਕਟੀਦਾ, ਮੁੜ ਮੁੜ ਕੇ ਆਉਣ ਜਾਣ ਵਿੱਚ ਮੁਬਤਲਾ ਰਹਿੰਦਾ ਹੈ। ਗੁਰਮਤਿ ਅਨੁਸਾਰ ਐਸੇ ਮੂਰਖ ਮਨ ਦੇ ਮਾਲਕ ਨੂੰ ਹੀ ਮਨਮੁਖ ਕਹੀਦਾ ਹੈ। ਗੁਰਮਤਿ-ਹੀਣ ਅੰਧਲੇ ਮਨਮੁਖ ਨੂੰ ਪ੍ਰਮਾਰਥ ਦੀ ਸੂਝ ਬੂਝ ਕੁਛ ਨਹੀਂ ਸੁੱਝਦੀ। ਪੂਰਬਲੇ ਕਰਮਾਂ ਦਾ ਅੰਕੁਰ ਹੀ ਐਸੇ ਲਿਖਿਆ ਹੁੰਦਾ ਹੈ। ਪੂਰੇ ਭਾਗ ਕਰਕੇ ਸਤਿਗੁਰੂ ਸੁਖਦਾਤੇ ਦੀ ਪ੍ਰਾਪਤੀ ਹੋਵੇ ਤਾਂ ਮਨ ਵਿੱਚ ਨਾਮ ਆ ਕੇ ਵੱਸਦਾ ਹੈ। ਅਜਿਹੇ ਵਡਭਾਗੀ ਜਨ, ਜਿਨ੍ਹਾਂ ਦੇ ਅੰਦਰ ਨਾਮ ਆ ਵੱਸਦਾ ਹੈ, ਉਹ ਸਦਾ ਹੀ ਸੁਖ ਪਾਵੰਦੇ ਹਨ।

ਪੰਡਿਤ ਪੜਿ ਪੜਿ ਉਚਾ ਕੂਕਦਾ
ਮਾਇਆ ਮੋਹਿ ਪਿਆਰੁ॥
ਅੰਤਰਿ ਬ੍ਰਹਮੁ ਨ ਚੀਨਈ
ਮਨਿ ਮੂਰਖੁ ਗਾਵਾਰੁ॥
ਦੂਜੈ ਭਾਇ ਜਗਤੁ ਪਰਬੋਧਦਾ
ਨਾ ਬੂਝੈ ਬੀਚਾਰੁ॥
ਬਿਰਥਾ ਜਨਮੁ ਗਵਾਇਆ
ਮਰਿ ਜੰਮੈ ਵਾਰੋ ਵਾਰ॥੧॥੧੦॥

(ਸਿਰੀ ਰਾਗੁ ਵਾਰ, ਸਲੋਕ ਮ: ੩, ਪੰਨਾ ੮੬)

ਵੇਦਾਂ ਦਾ ਪੜ੍ਹਨਹਾਰਾ ਵੇਦ-ਬਕਤਾਰਾ ਪੰਡਿਤ ਵੇਦਾਂ ਨੂੰ ਪੜ੍ਹ ਪੜ੍ਹ ਕੇ ਉੱਚੀ ਉੱਚੀ ਕੂਕਦਾ ਹੈ, ਪਰ ਉਸ ਦੇ ਪੱਲੇ ਮਾਇਆ-ਮੋਹ ਰੂਪੀ ਪਿਆਰ ਹੀ ਪੈਂਦਾ ਹੈ, ਕਿਉਂਕਿ ਵੇਦਾਂ ਅੰਦਰਿ ਮਾਇਆ-ਮੋਹ ਦਾ ਪਸਾਰਾ ਹੀ ਭਰਿਆ ਪਿਆ ਹੈ। ਤਾਂ ਤੇ ਵੇਦ ਪੜ੍ਹਨ ਸੁਣਨਹਾਰਾ ਪੰਡਿਤ ਮਨ ਕਰਕੇ ਮੂਰਖ ਗਵਾਰ ਰਹਿੰਦਾ ਹੈ, ਆਪਣੇ ਅੰਤਰਗਤਿ ਨੂੰ ਨਹੀਂ ਚੀਨਦਾ ਅਤੇ ਨਾ ਹੀ ਚੀਨ ਸਕਦਾ ਹੈ, ਦੂਜੇ ਭਾਇ ਵਿੱਚ ਹੀ ਰਹਿੰਦਾ ਹੈ। ਇਸ ਦਵੈਤ ਭਾਵ ਸਿਖਿਆ ਹੀ ਸੁਣਨਹਾਰਿਆਂ ਨੂੰ ਦਿੰਦਾ ਹੈ, ਆਪਣਾ ਆਪ ਨਹੀਂ ਪਰਬੋਧਦਾ, ਜਗਤ ਪਰਬੋਧਣ ਵਿੱਚ ਹੀ ਫਸਿਆ ਰਹਿੰਦਾ ਹੈ, ਨਾਮ ਰੂਪੀ ਤੱਤ-ਵੀਚਾਰ ਨੂੰ ਬਿਰਥਾ ਹੀ ਗੰਵਾ ਲੈਂਦਾ ਹੈ ਤੇ ਜੰਮਦਾ ਮਰਦਾ ਰਹਿੰਦਾ ਹੈ।

## ਬੰਦ ਖਲਾਸੀ

ਤੂੰ ਮੇਰਾ ਸਾਹਿਬ, ਹਉ ਬੰਦਾ ਤੇਰਾ।
ਤੁਧ ਬਿਨ ਦਸੋ ਹੋਰ, ਹੈ ਕੌਣ ਮੇਰਾ।
ਤੂੰ ਹੀ ਸਦ ਬਖਸ਼ਿੰਦ, ਤੂੰ ਹੀ ਦਾਤਾਰ।
ਕਰ ਬੰਦ ਖਲਾਸੀ, ਕੀ ਘਟਦੇ ਤੇਰਾ।

(ਤੇਗ ਬਹਾਦਰ ਸਿੰਘ 'ਤੇਗ')


www.AKJ.Org

# ਗੁਰਮਤਿ ਅਤੇ ਬੁੱਤਪ੍ਰਸਤੀ

(ਸ੍ਰ: ਮਹਿੰਦਰ ਸਿੰਘ, ਪਿੰਡ ਚਚਰਾੜੀ, ਲੁਧਿਆਣਾ)

ਅਕਾਲ ਪੁਰਖ ਵਾਹਿਗੁਰੂ ਦੀ ਅਸੀਮ ਵਿਸ਼ਾਲਤਾ ਦਾ ਕਾਲਪਨਿਕ ਚਿਤਰ ਜਾਂ ਮੂਰਤੀਆਂ ਬਨਾਉਣੀਆਂ ਅਧੂਰੀ ਮਨੁੱਖੀ ਸੋਚ ਦਾ ਲਖਾਇਕ ਹੈ। ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਹੀ ਮਨੁੱਖੀ ਜਾਮੇ ਵਿਚ ਜਨਮ ਲੈਣ ਨਾਲ ਵਾਹਿਗੁਰੂ ਜੀ ਦੀ ਸੰਪੂਰਨ ਹਸਤੀ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ। ਵਾਹਿਗੁਰੂ ਜੀ ਨਾਲ ਅਭੇਦ ਹੋਣ ਲਈ ਮਨੁੱਖੀ ਅਭਿਆਸ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਅਤੇ ਨਾਲ-ਨਾਲ ਕੁੱਝ ਅਗਿਆਨੀ ਪੁਰਸ਼ਾਂ ਵਲੋਂ ਵਾਹਿਗੁਰੂ ਜੀ ਦੀ ਵਿਸ਼ਾਲਤਾ ਨੂੰ ਇਕ ਰੂਪ ਵਿਚ ਰੂਪਮਾਨ ਕਰਨ ਦਾ ਸਿਲਸਿਲਾ ਵੀ ਚੱਲਦਾ ਆ ਰਿਹਾ ਹੈ। ਸ਼ਬਦ ਸੁਰਤ ਦੀ ਪਵਿੱਤਰ ਇਕਸਾਰਤਾ ਨਾਲ ਮਨ ਇਕਾਗਰ ਕਰ, ਅੰਤਰਮੁਖੀ ਵਾਹਿਗੁਰੂ ਜੀ ਨੂੰ ਧਿਆਉਣ ਨਾਲ ਪ੍ਰਾਪਤੀ ਸੰਭਵ ਹੈ। ਇਸੇ ਕਰਕੇ ਵਾਹਿਗੁਰੂ ਜੀ ਦੀ ਕਿਸੇ ਕਿਸਮ ਦੀ ਸ਼ਕਲ ਦੱਸਣੀ ਅਤੀ ਕਠਨ ਹੈ। ਸਾਰੀਆਂ ਸ਼ਕਲਾਂ, ਮੂਰਤਾਂ ਵਿੱਚ ਵਾਹਿਗੁਰੂ ਜੀ ਦੀ ਪਵਿੱਤਰ ਜੋਤ ਵਿਦਮਾਨ ਹੈ। ਵਾਹਿਗੁਰੂ ਜੀ ਨੂੰ ਇਕ ਰੂਪ ਵਿੱਚ ਦਰਸਾਉਣਾ, ਵਾਹਿਗੁਰੂ ਜੀ ਦੀ ਨਿਰਾਦਰੀ ਹੈ, ਭੁੱਲ ਹੈ।

ਸਾਰੇ ਗੁਰੂ ਸਹਿਬਾਨ ਦੀ ਪਵਿੱਤਰ ਸੋਚ ਅਨਸਾਰ ਦਰਜ ਗੁਰਬਾਣੀ ਦਾ ਉਪਦੇਸ਼ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਗੁਰਮਤਿ ਦੀ ਫਿਲਾਸਫੀ ਮੁਤਾਬਿਕ ਵਾਹਿਗੁਰੂ ਜੀ ਦੀ ਕਿਸੇ ਕਿਸਮ ਦੀ ਸ਼ਕਲ ਹੋਣ ਦਾ ਬੇਤੁਕਾ ਅੰਦਾਜਾ ਆਮ ਲੋਕਾਂ ਨੂੰ ਗੁਮਰਾਹ ਕਰਨਾ ਹੈ। ਇਸ ਲਈ ਗੁਰਮਤਿ ਅਨੁਸਾਰ ਕਿਸੇ ਕਿਸਮ ਦੀ ਮੂਰਤੀ ਜਾਂ ਬੁੱਤਾਂ ਨੂੰ ਘੜਨਾ ਨਿਖੇਧਾਤਮਿਕ ਕੰਮ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਮੂਹ ਸਿੱਖ ਗੁਰੂ ਸਹਿਬਾਨ ਨੇ ਮੂਰਤੀਆਂ, ਬੁੱਤਾਂ ਆਦਿਕ ਦੀ ਘਾੜਤ ਨੂੰ ਪੂਰੀ ਤਰ੍ਹਾਂ ਨਕਾਰਿਆ ਹੈ। ਇਤਿਹਾਸਕ ਕਦਰਾਂ ਕੀਮਤਾਂ ਦੇ ਪ੍ਰਚਾਰਕ ਹਿੰਦੂ ਮਤ ਨੇ ਮੂਰਤੀਆਂ ਆਦਿਕ ਨੂੰ ਵਧੇਰੇ ਪ੍ਰਚੱਲਤ ਕੀਤਾ। ਗੁਰੂ ਨਾਨਕ ਦੇਵ ਜੀ ਦੇ ਇਸ ਤਰਾਂ ਦੀਆਂ ਬੇਤੁਕੀਆਂ ਕ੍ਰਿਆਵਾਂ ਨੂੰ ਬੰਦ ਕਰਕੇ ਇੱਕ ਵਾਹਿਗੁਰੂ ਜੀ ਨੂੰ ਅੰਤਰਆਤਮੇ ਧਿਆਉਣ ਦੇ ਵਿਚਾਰਾਂ ਕਰਕੇ ਹੀ ਇਨ੍ਹਾਂ ਫੋਕਟ ਕਰਮਾਂ ਨੂੰ ਗੁਰਬਾਣੀ ਵਿੱਚ ਵੀ ਨਕਾਰਿਆ ਗਿਆ ਹੈ। ਇਸ ਸੰਬੰਧੀ ਪਵਿੱਤਰ ਫੁਰਮਾਨ ਹੈ :-

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥
(ਪੰਨਾ ੫੫੬)

ਬੇਸਮਝ ਲੋਕਾਈ ਦੀ ਇਸ ਬੇਸਮਝੀ ਨੂੰ ਰੂਪਮਾਨ ਕਰਦੇ ਹੋਏ ਫੁਰਮਾਨ ਹੈ ਕਿ ਜੋ ਪੱਥਰ ਦੀਆਂ ਮੂਰਤੀਆਂ ਪਾਣੀ ਵਿਚ ਆਪ ਡੁੱਬ ਜਾਂਦੀਆਂ ਹਨ, ਉਹ ਮਨੁੱਖੀ ਜੀਵਾਂ ਨੂੰ ਕਿਸ ਤਰ੍ਹਾਂ ਸੰਸਾਰ ਸਾਗਰ ਤੋਂ ਪਾਰ ਉਤਾਰਨ ਵਿੱਚ ਸਿੱਧ ਹੋ ਸਕਦੀਆਂ ਹਨ। ਇਸ ਸੰਬੰਧੀ ਪੰਜਵੇਂ ਗੁਰੂ ਦੇਵ ਜੀ ਦਾ ਫੁਰਮਾਨ ਹੈ :-

ਜਿਸੁ ਪਾਹਨ ਕਉ ਠਾਕੁਰੁ ਕਹਤਾ॥
ਓਹੁ ਪਾਹਨੁ ਲੈ ਉਸ ਕਉ ਡੁਬਤਾ॥੨॥
(ਪੰਨਾ ੭੩੯)

ਗੁਰਮਤਿ ਅਨੁਸਾਰ ਪੱਥਰਾਂ ਦੀਆਂ ਮੂਰਤੀਆਂ ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰਨ ਵਿਚ ਅਸਫਲ ਹਨ। ਨਿਰੰਕਾਰ ਵਾਹਿਗੁਰੂ ਜੀ ਨੂੰ ਪੱਥਰਾਂ ਦੀਆਂ ਮੂਰਤੀਆਂ ਦਾ ਅਕਾਰ ਸਾਬਤ ਕਰਨ ਦਾ ਯਤਨ, ਵਾਹਿਗੁਰੂ ਪੂਜਾ ਤੋਂ ਇਨਕਾਰੀ ਹੋਣਾ ਹੈ। ਪੂਜਾ ਵਜੋਂ ਜੋ ਵਿਅਕਤੀ ਪੱਥਰ ਦੇ ਬੁੱਤਾਂ ਅੱਗੇ ਆਪਣਾ ਆਪ ਝੁਕਾਉਂਦੇ ਹਨ, ਉਹਨਾਂ ਦੀ ਸਾਰੀ ਘਾਲ ਕਮਾਈ ਬੇਅਰਥ ਹੈ :-

ਜੋ ਪਾਥਰ ਕੀ ਪਾਂਈ ਪਾਇ॥
ਤਿਸ ਕੀ ਘਾਲ ਅਜਾਂਈ ਜਾਇ॥
(ਪੰਨਾ ੧੧੬੦)

ਗੁਰਮਤਿ ਫਿਲਾਸਫੀ ਮੁਤਾਬਿਕ ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਨਿਖੇਧਾਤਿਮਕ ਹਨ ਅਤੇ ਮਨੁੱਖਤਾ ਦੇ ਅਜਿਹੇ ਕੰਮਾਂ ਕਰਕੇ ਹੀ ਮਨੁੱਖ ਨੂੰ ਪਸ਼ੂਆਂ ਨਾਲੋਂ ਭੈੜਾ ਆਖਿਆਂ ਗਿਆ ਹੈ :-

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ॥ (ਪੰਨਾ ੪੮੯)

ਗੁਰਮਤਿ ਦਾ ਧਾਰਨੀ ਹੋਣ ਦਾ ਦਾਅਵਾ ਕਰਨ ਵਾਲਾ ਸਿੱਖ ਸਮਾਜ ਵੀ ਕੁਛ-ਕੁਛ ਬੁੱਤਪ੍ਰਸਤੀ ਦਾ ਸ਼ਿਕਾਰ ਹੈ। ਨਿਰਾਕਾਰ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਨ ਲਈ ਸ਼ਬਦ ਸੁਰਤ ਦੇ ਪਵਿੱਤਰ ਸੁਮੇਲ ਨਾਲ ਸ਼ਬਦ ਦੀ ਕਮਾਈ ਕਰਨੀ ਪੈਂਦੀ ਹੈ, ਪ੍ਰੰਤੂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਕਾਰ ਨੂੰ ਵੇਖ ਕੇ ਹੀ ਸੰਤੁਸ਼ਟ ਹੁੰਦੇ ਜਾ ਰਹੇ ਹਾਂ ਜਦ ਕਿ ਗੁਰੂ ਫੁਰਮਾਨ ਹੈ ਕਿ :-

ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ॥



www.AKJ.Org

ਡਿਠੈ ਮੁਕਤਿ ਨ ਹੋਵਈ ਜਿਚਰੁ
ਸਬਦਿ ਨ ਕਰੇ ਵੀਚਾਰੁ।। (ਪੰਨਾ ੫੯੪)

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੀਦਾਰ ਕੇਵਲ ਪਾਠ ਦੀਦਾਰ ਹੈ ਅਤੇ ਦਰਸ਼ਨ ਦੀਦਾਰ ਦਾ ਪ੍ਰਚਾਰ ਮਨਮਤੀ ਪ੍ਰਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਜੀ ਸਾਹਿਬ ਦੇ ਪਾਵਿਆਂ ਨੂੰ ਮੁੱਠੀਆਂ ਵਿੱਚ ਘੁੱਟਣਾ ਬੁੱਤਪ੍ਰਸਤੀ ਤੋਂ ਕਿਸੇ ਰੂਪ ਵਿੱਚ ਘੱਟ ਨਹੀਂ ਹੈ। ਸਿੱਖ ਸਰੂਪ ਦੀ ਬਖ਼ਸ਼ਿਸ਼ ਕਰਨ ਵਾਲੇ ਸਰਬੰਸਦਾਨੀ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬੁੱਤਾਂ ਦੀ ਪੂਜਾ ਨੂੰ ਪਸ਼ੂਆਂ ਵਾਲੇ ਕਰਮ ਕਰਾਰ ਦਿੱਤਾ ਹੈ। ਭਾਵ ਇਹ ਹੈ ਕਿ ਗੁਰਮਤਿ ਅਨੁਸਾਰ ਬੁੱਤ ਬਣਾਉਣ ਵਾਲਾ ਅਤੇ ਪੂਜਣ ਵਾਲਾ ਆਪਣੇ ਅਸਲੀ ਮਕਸਦ ਨੂੰ ਤਿਆਗ ਹੋਰਨਾਂ ਭਰਮਾਂ ਭੁਲੇਖਿਆਂ ਵਿੱਚ ਪਿਆ ਹੋਇਆ ਹੈ। ਬੁੱਤ ਪ੍ਰਸਤੀ ਵਿਰੁੱਧ ਖਬਰਦਾਰ ਕਰਦੇ ਹੋਏ ਕਲਗੀਧਰ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ :-

ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਇਓ।।
ਕੂਰ ਕ੍ਰਿਆ ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦ ਨ ਪਾਇਓ।।
(ਤ੍ਵਪ੍ਰਸਾਦਿ ਸਵੈਯੇ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਨੂੰ ਆਪਣਾ ਸਰੂਪ ਬਖਸ਼ਣ ਉਪਰੰਤ ਖਾਲਸਾ ਪੰਥ ਦੀ ਮਰਿਯਾਦਾ ਨੇ ਹਮੇਸ਼ਾਂ ਬੁੱਤ ਪ੍ਰਸਤੀ ਦਾ ਡੱਟਵਾਂ ਵਿਰੋਧ ਕੀਤਾ ਹੈ। ਕੁੱਝ ਦੁਰਾਚਾਰੀ ਮਹੰਤਾਂ ਵਲੋਂ ਸਿੱਖ ਸਿਧਾਂਤਾਂ ਵਿਰੁੱਧ ਕੀਤੀ ਜਾਂਦੀ ਬੁੱਤ ਪੂਜਾ ਨੂੰ ਬੰਦ ਕਰਵਾਉਣ ਲਈ ਪੰਥ ਨੇ ਮਹਾਨ ਕੁਰਬਾਨੀਆਂ ਕੀਤੀਆਂ ਸਨ, ਕਿਉਂਕਿ ਪੰਥਕ ਮਰਿਯਾਦਾ ਦੀ ਉਲੰਘਣਾ ਕਰਕੇ ਗੁਰਦੁਆਰਿਆਂ ਵਿੱਚ ਬੁੱਤਪ੍ਰਸਤੀ ਦਾ ਹੋਣਾ ਸਮੁੱਚੇ ਪੰਥ ਦੀ ਨਮੋਸ਼ੀ ਦਾ ਕਾਰਣ ਸੀ।

ਗੁਰਮਤਿ ਅਨੁਸਾਰ ਬੁੱਤਪ੍ਰਸਤੀ ਇੱਕ ਮਨਮਤਿ ਕਰਮ ਹੈ, ਜੋ ਕਿ ਪ੍ਰਭੂ ਭਗਤੀ ਅਤੇ ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਪੈਦਾ ਕਰਦੀ ਹੈ। ਇਸ ਲਈ ਸਿੱਖ ਸਮਾਜ ਨੂੰ ਆਪਣੇ ਵਿੱਚੋਂ ਬੁੱਤਪ੍ਰਸਤੀ ਦੇ ਅੰਸ਼ ਨੂੰ ਮੁਕੰਮਲ ਤੌਰ ਤੇ ਖਤਮ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

## ਸਾਹਿਬ ਨਿਤਾਣਿਆ ਦਾ ਤਾਣੁ

### ਚਿਤਿ ਆਵੈ ਓਸੁ ਪਾਰਬ੍ਰਹਮੁ

ਜਾ ਕਉ ਮੁਸਕਲੁ ਅਤਿ ਬਣੈ, ਢੋਈ ਕੋਇ ਨ ਦੇਇ।।
ਲਾਗੂ ਹੋਇ ਦੁਸਮਨਾ, ਸਾਕ ਭਿ ਭਜਿ ਖਲੇ।।
ਸਭੋ ਭਜੈ ਆਸਰਾ, ਚੂਕੈ ਸਭੁ ਅਸਰਾਉ।।
ਚਿਤਿ ਆਵੈ ਓਸੁ ਪਾਰਬ੍ਰਹਮੁ, ਲਗੈ ਨ ਤਤੀ ਵਾਉ।।੧।।
ਜੇ ਕੋ ਹੋਵੈ ਦੁਬਲਾ, ਨੰਗ ਭੁਖ ਕੀ ਪੀਰ।।
ਦਮੜਾ ਪਲੈ ਨ ਪਵੈ, ਨਾ ਕੋ ਦੇਵੈ ਧੀਰ।।
ਸੁਆਰਥੁ ਸੁਆਉ ਨ ਕੋ ਕਰੇ, ਨਾ ਕਿਛੁ ਹੋਵੈ ਕਾਜੁ।।
ਚਿਤਿ ਆਵੈ ਓਸੁ ਪਾਰਬ੍ਰਹਮ, ਤਾ ਨਿਹਚਲੁ ਹੋਵੈ ਰਾਜੁ।।੨।।
ਜਾ ਕਉ ਚਿੰਤਾ ਬਹੁਤੁ ਬਹੁਤੁ, ਦੇਹੀ ਵਿਆਪੈ ਰੋਗੁ।।
ਗ੍ਰਿਸਤਿ ਕੁਟੰਬਿ ਪਲੇਟਿਆ, ਕਦੇ ਹਰਖੁ ਕਦੇ ਸੋਗੁ।।
ਗਉਣੁ ਕਰੇ ਚਹੁ ਕੁੰਟ ਕਾ, ਘੜੀ ਨ ਬੈਸਣੁ ਸੋਇ।।
ਚਿਤਿ ਆਵੈ ਓਸੁ ਪਾਰਬ੍ਰਹਮੁ, ਤਨੁ ਮਨੁ ਸੀਤਲ ਹੋਇ।।੩।।
ਕਾਮਿ ਕਰੋਧਿ ਮੋਹਿ ਵਸਿ ਕੀਆ, ਕਿਰਪਨ ਲੋਭ ਪਿਆਰੁ।।
ਚਾਰੇ ਕਿਲਵਿਖ ਉਨਿ ਅਘ ਕੀਏ, ਹੋਆ ਅਸੁਰ ਸੰਘਾਰੁ।।
ਪੋਥੀ ਗੀਤ ਕਵਿਤ ਕਿਛੁ, ਕਦੇ ਨ ਕਰਨਿ ਧਰਿਆ।।
ਚਿਤਿ ਆਵੈ ਓਸੁ ਪਾਰਬ੍ਰਹਮ, ਤਾ ਨਿਮਖ ਸਿਮਰਤ
ਤਰਿਆ।।੪।।

### ਚਿਤਿ ਨ ਆਇਓ ਪਾਰਬ੍ਰਹਮੁ

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ।।
ਤਪੇ ਤਪੀਸਰ ਜੋਗੀਆ, ਤੀਰਥਿ ਗਵਨੁ ਕਰੇ।।
ਖਟੁ ਕਰਮਾ ਤੇ ਦੁਗਣੇ, ਪੂਜਾ ਕਰਤਾ ਨਾਇ।।
ਰੰਗੁ ਨ ਲਗੀ ਪਾਰਬ੍ਰਹਮ, ਤਾ ਸਰਪਰ ਨਰਕੇ ਜਾਇ।।੫।।
ਰਾਜ ਮਿਲਕ ਸਿਕਦਾਰੀਆ, ਰਸ ਭੋਗਣ ਬਿਸਥਾਰ।।
ਬਾਗ ਸੁਹਾਵੇ ਸੋਹਣੇ, ਚਲੈ ਹੁਕਮੁ ਅਫਾਰ।।
ਰੰਗ ਤਮਾਸੇ ਬਹੁ ਬਿਧੀ, ਚਾਇ ਲਗਿ ਰਹਿਆ।।
ਚਿਤਿ ਨ ਆਇਓ ਪਾਰਬ੍ਰਹਮੁ, ਤਾ ਸਰਪ ਕੀ ਜੂਨਿ
ਗਇਆ।।੬।।
ਬਹੁਤੁ ਧਨਾਢਿ ਅਚਾਰਵੰਤੁ, ਸੋਭਾ ਨਿਰਮਲ ਰੀਤਿ।।
ਮਾਤ ਪਿਤਾ ਸੁਤ ਭਾਈਆ, ਸਾਜਨ ਸੰਗਿ ਪਰੀਤਿ।।
ਲਸਕਰ ਤਰਕਸ ਬੰਦ ਬੰਦ, ਜੀਉ ਜੀਉ ਸਗਲੀ ਕੀਤ।।
ਚਿਤਿ ਨ ਆਇਓ ਪਾਰਬ੍ਰਹਮੁ, ਤਾ ਖੜਿ ਰਸਾਤਲਿ ਦੀਤ।।੭।।
ਕਾਇਆ ਰੋਗੁ ਨ ਛਿਦ੍ਰੁ ਕਿਛੁ, ਨਾ ਕਿਛੁ ਕਾੜਾ ਸੋਗੁ।।
ਮਿਰਤੁ ਨ ਆਵਈ ਚਿਤਿ ਤਿਸੁ, ਅਹਿਨਿਸਿ ਭੋਗੈ ਭੋਗੁ।।
ਸਭ ਕਿਛੁ ਕੀਤੋਨੁ ਆਪਣਾ, ਜੀਇ ਨ ਸੰਕ ਧਰਿਆ।।
ਚਿਤਿ ਨ ਆਇਓ ਪਾਰਬ੍ਰਹਮੁ, ਜਮ ਕੰਕਰ ਵਸਿ ਪਰਿਆ।।੮।।
(ਸਿਰੀ ਰਾਗੁ ਮ: ੫, ਪੰਨਾ ੭੦)


www.AKJ.Org

# ਜਪਿ ਗੁਰ ਗੋਪਾਲ ਪ੍ਰਭੁ ਸੋਈ (੨)

(ਭਾਈ ਜਸਬੀਰ ਸਿੰਘ ਖਾਲਸਾ)

ਲੜੀ ਜੋੜਨ ਲਈ ਦੇਖੋ 'ਸੂਰਾ' ਜੁਲਾਈ, ੯੯.......

ਅੱਜ ਸਾਰੇ ਸੰਸਾਰ ਦੀ ਦੌੜ ਲੱਗੀ ਹੋਈ ਹੈ ਪਰਮਾਤਮਾ ਨੂੰ ਭੁਲਾ ਕੇ ਆਪਣੇ ਆਪ ਨਾਲ ਜੋੜਨਾ। ਅੱਜ ਬੰਦਾ ਇੱਕ ਛੋਟੀ ਜਿਹੀ ਗੱਲ ਤੋਂ ਲੈ ਕੇ ਵੱਡੀਆਂ ਗੱਲਾਂ ਕਰਦਾ ਹੈ ਆਪਣੇ ਨਾਂ ਨਾਲ ਜੋੜ ਕੇ। ਅੱਜ ਜੇਕਰ ਕੋਈ ਹੱਟੀ ਚਲਾਉਂਦਾ ਹੈ ਤਾਂ ਕਹਿੰਦਾ ਹੈ ਇਹ ਹੱਟੀ ਮੈਂ ਚਲਾਈ ਹੈ। ਗੁਰਦੁਆਰੇ ਅਰਦਾਸ ਤਾਂ ਕਰਵਾਈ ਸੀ ਕਿ ਸਤਿਗੁਰੂ ਇਹਦੀ ਹੱਟੀ ਵਿੱਚ ਬਰਕਤਾਂ ਪਾਓ। ਪਰ ਜਦੋਂ ਹੱਟੀ ਚੱਲ ਪਈ ਤਾਂ ਕਹਿੰਦਾ ਹੈ ਇਹ ਹੱਟੀ ਮੈਂ ਚਲਾਈ ਹੈ। ਹੇ ਬੰਦੇ ! ਫਿਰ ਉਹ ਅਰਦਾਸ ਕਿੱਥੇ ਗਈ ਜਿਹੜੀ ਤੂੰ ਕਰਕੇ ਆਇਆ ਹੈਂ ? ਇਸਦਾ ਮਤਲਬ, ਜਿਹੜਾ ਤੂੰ ਮਹੂਰਤ ਕੀਤਾ ਸੀ, ਉਹ ਦਿਖਾਵਾ ਸੀ। ਤੂੰ ਦਾਤਾਂ ਲਈਆਂ, ਮਕਾਨ ਬਣਾਏ ਸਭ ਕੁੱਝ ਦਾਤੇ ਤੋਂ ਮੰਗਿਆ ਪਰ ਜਦੋਂ ਦਾਤਾਂ ਮਿਲ ਗਈਆਂ ਤ੍ਹਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਮੇਰਾ ਪੁੱਤਰ ਹੈ। ਕਦੇ ਅਰਦਾਸ ਕਰਾਈ ਸੀ ਸਤਿਗੁਰੂ ਮੇਰੇ ਘਰ ਪੁੱਤਰ ਹੋਵੇ। ਪੁੱਤਰ ਦੀ ਦਾਤ ਮਿਲੀ ਤਾਂ ਕਿਸੇ ਨੇ ਪੁੱਛਿਆ, ਇਹ ਕਿਸ ਨੇ ਦਿੱਤੀ ? ਤਾਂ ਕਹਿੰਦਾ ਹੈ ਇਹ ਦਾਤੇ ਨੇ ਦਿੱਤੀ ਹੈ। ਕੁੱਝ ਦਿਨ ਲੰਘ ਗਏ ਕਿਸੇ ਨੇ ਪੁੱਛਿਆ, ਇਹ ਕੌਣ ਹੈ ? ਕਹਿੰਦਾ ਹੈ ਇਹ ਮੇਰਾ ਪੁੱਤਰ ਹੈ। ਸਾਹਿਬ ਕਹਿੰਦੇ ਹਨ

**ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ।।**

(ਪੰਨਾ ੪੭੪)

ਅਸੀਂ ਜੰਗਲਾਂ ਵਿੱਚ ਜਾ ਕੇ ਦਰੱਖਤ ਵੇਖੇ ਹਨ। ਪਹਿਲਾਂ ਦਰੱਖਤ ਛੋਟੇ ਸੀ ਫਿਰ ਵੱਡੇ ਹੋ ਗਏ, ਵੱਡੇ ਵੱਡੇ ਬ੍ਰਿਧ ਦਰੱਖਤ ਹੋ ਗਏ। ਜਿਵੇਂ ਜਿਵੇਂ ਦਰੱਖਤ ਬ੍ਰਿਧ ਹੋਏ ਉਹਨਾਂ ਦੀ ਖੂਬਸੂਰਤੀ ਵਿੱਚ ਵਾਧਾ ਹੋਇਆ। ਉਨ੍ਹਾਂ ਦੀਆਂ ਸੰਘਣੀਆਂ ਛਾਵਾਂ ਫਿਰ ਵੱਧ ਬੰਦਿਆਂ ਨੇ ਮਾਣੀਆਂ। ਜਿੰਨਾਂ ਸੰਘਣੇ ਬ੍ਰਿਛ ਹੇਠਾਂ ਬੈਠਣ ਨੂੰ ਚਿੱਤ ਕਰਦਾ ਹੈ ਉਨਾਂ ਹੋਰ ਕਿਸੇ ਬ੍ਰਿਛ ਥੱਲੇ ਬੈਠਣ ਨੂੰ ਚਿੱਤ ਨਹੀਂ ਕਰਦਾ। ਜੇ ਇੱਕ ਬ੍ਰਿਛ ਬ੍ਰਿਧ ਹੋ ਜਾਏ ਉਹ ਤਾਂ ਖੂਬਸੂਰਤ ਹੋ ਜਾਂਦਾ ਹੈ। ਇੱਕ ਜੰਗਲੀ ਜਾਨਵਰ ਬ੍ਰਿਧ ਹੋ ਜਾਏ, ਉਹ ਖੂਬਸੂਰਤ ਹੋ ਜਾਂਦਾ ਹੈ, ਉਸ ਦੇ ਚਿਹਰੇ ਵਿੱਚ ਫਰਕ ਨਹੀਂ ਪੈਂਦਾ। ਪਰ ਇਹ ਬੰਦਾ ਜਦੋਂ ਜਵਾਨੀ ਗਵਾ ਕੇ ਬੁੱਢਾ ਹੁੰਦਾ ਹੈ ਤਾਂ ਐਨਾ ਕਰੂਪ ਹੋ ਜਾਂਦਾ ਹੈ, ਮੂੰਹ ਤੇ ਝੁਰੜੀਆਂ ਪੈ ਜਾਂਦੀਆਂ ਹਨ, ਪਛਾਣਿਆਂ ਨਹੀਂ ਜਾਂਦਾ। ਕਦੇ ਬੰਦੇ ਨੇ ਸੋਚਿਆ ਹੈ ਕਿ ਮੇਰੇ ਨਾਲੋਂ ਬ੍ਰਿਛ ਚੰਗੇ ਹਨ ਜਿਹੜੇ ਬੁੱਢੇ ਹੋ ਕੇ ਭੀ ਜਵਾਨ ਨਜ਼ਰ ਆਉਂਦੇ ਹਨ, ਜੰਗਲ ਦੇ ਜਾਨਵਰ ਚੰਗੇ ਹਨ ਜਿਹੜੇ ਬੁੱਢੇ ਹੋ ਕੇ ਭੀ ਚੰਗੇ ਨਜ਼ਰ ਆਉਂਦੇ ਹਨ ? ਹੇ ਬੰਦੇ ! ਤੈਨੂੰ ਕੀ ਹੋ ਗਿਆ ? ਤੂੰ ਤਾਂ ਬਿਲਕੁੱਲ ਹੀ ਬੁੱਢਾ ਹੋ ਗਿਆ, ਕਾਰਨ ਕੀ ਹੈ ? ਬ੍ਰਿਛਾਂ, ਜਾਨਵਰਾਂ, ਪੰਛੀਆਂ ਨੇ ਕਦੇ ਉਲਾਂਭਾ ਨਹੀਂ ਦਿੱਤਾ, ਕਦੇ ਨਿਹੋਰਾ ਨਹੀਂ ਦਿੱਤਾ। ਜੇ ਕਿਸੇ ਨੂੰ ਸੁੱਕੀ ਮਿਲ ਗਈ, ਖਾ ਲਈ, ਉਲਾਂਭਾ ਨਹੀਂ ਦਿੱਤਾ। ਜੇ ਕਿਸੇ ਨੂੰ ਮਿੱਟੀ ਮਿਲ ਗਈ, ਖਾ ਲਈ, ਉਲਾਂਭਾ ਨਹੀਂ ਦਿੱਤਾ। ਕਿਸੇ ਨੂੰ ਖਾਣ ਵਾਸਤੇ ਪੱਤੇ ਮਿਲ ਗਏ, ਉਸਨੇ ਖਾ ਲਏ ਪਰ ਉਲਾਂਭਾ ਨਹੀਂ ਦਿੱਤਾ। ਕਿਸੇ ਨੇ ਘਾਹ ਖਾ ਲਿਆ, ਉਸਨੇ ਉਲਾਂਭਾ ਨਹੀਂ ਦਿੱਤਾ। ਜਾਨਵਰਾਂ ਨੇ ਤੂੜੀ ਖਾ ਕੇ ਭੀ ਉਲਾਂਭਾ ਨਹੀਂ ਦਿੱਤਾ ਪਰ ਬੰਦੇ ! ਤੂੰ ਦਾਣੇ ਖਾ ਕੇ ਭੀ ਉਲਾਂਭਾ ਦਿੱਤਾ। ਉਨ੍ਹਾਂ ਤੂੜੀ ਖਾ ਕੇ ਭੀ ਦੁੱਧ ਦਿੱਤਾ, ਤੂੰ ਦੁੱਧ ਪੀ ਕੇ ਭੀ ਉਲਾਂਭਾ ਦਿੱਤਾ। ਜਾਨਵਰ ਤੂੜੀ ਖਾ ਕੇ ਭੀ ਦੁੱਧ ਦਿੰਦਾ ਰਿਹਾ ਤੇ ਤੂੰ ਦੁੱਧ ਪੀਂਦਾ ਰਿਹਾ ਪਰ ਜਦੋਂ ਜਾਨਵਰ ਨੇ ਦੁੱਧ ਦੇਣਾ ਬੰਦ ਕਰ ਦਿੱਤਾ ਤੂੰ ਉਸ ਨੂੰ ਘਰੋਂ ਭੀ ਕੱਢ ਆਇਆ। ਹੇ ਬੰਦੇ ! ਤੇਰਾ ਮਨ ਕਿੱਥੇ ਦੁਬਿਆ ਹੈ ? ਜਿਸਨੇ ਦੁੱਧ ਦਿੱਤਾ ਹੋਵੇ ਉਸ ਨੂੰ ਬਾਹਰ ਭੇਜ ਦਿਓ। ਠੀਕ ਹੈ, ਗਊਸ਼ਾਲਾ ਵਾਲੇ ਉਸ ਨੂੰ ਸੰਭਾਲ ਲੈਣ ਤਾਂ ਸੰਭਾਲ ਲੈਣ ਪਰ ਤੂੰ ਤਾਂ ਨਹੀਂ ਸੰਭਾਲਿਆ। ਕਹਿਣ ਤੋਂ ਭਾਵ ਹੈ ਕਿ ਜਿਸ ਬੰਦੇ ਨੇ ਆਪਣੀ ਮਿਹਨਤ ਤੇ ਮਾਣ ਕੀਤਾ ਉਹ ਇਤਨਾ ਕਰੂਪ ਕਿਉਂ ਹੋ ਗਿਆ ? ਕਾਰਨ ਇਹ ਹੈ ਕਿ ਜਿਹੜਾ ਬੰਦਾ ਕਹਿੰਦਾ ਹੈ ਕਿ ਮੈਂ ਮਿਹਨਤ ਕੀਤੀ, ਮੈਂ ਮਿਹਨਤ ਕੀਤੀ, ਉਹ ਆਖਰਕਾਰ ਮਿਹਨਤ ਕਰਦਾ ਕਰਦਾ ਥੱਕ ਜਾਏਗਾ। ਜਿਹੜਾ ਥੱਕ ਜਾਏਗਾ, ਉਹ ਅੱਕ ਜਾਏਗਾ, ਉਹ ਵੈਸੇ ਹੀ ਕਰੂਪ ਹੋ ਜਾਂਦਾ ਹੈ। ਇੱਕ ਥੱਕੇ ਹੋਏ ਬੰਦੇ ਨੂੰ ਪਹਿਲਾਂ ਦੇਖੋ ਤੇ ਫਿਰ ਥੱਕੇ ਹੋਏ ਨੂੰ ਵੇਖੋ ਤਾਂ ਕਹਿਣ ਵਾਲੇ ਕਹਿ ਦਿੰਦੇ ਹਨ, *"ਤੇਰੇ ਚਿਹਰੇ ਨੂੰ ਕੀ ਹੋ ਗਿਆ ਹੈ ? ਤੂੰ ਬੜਾ ਥੱਕਿਆ ਹੋਇਆ ਹੈਂ ?"* ਜਿਸ ਬੰਦੇ ਨੇ ਕਿਹਾ ਮੈਂ ਕੁੱਝ ਨਹੀਂ ਕੀਤਾ, ਸਭ ਕੁੱਝ ਪਰਮਾਤਮਾ ਕਰ ਰਿਹਾ ਹੈ, ਜਿਹੜਾ ਕਹਿ ਰਿਹਾ ਹੈ ਫਲ ਦੇਣ ਵਾਲਾ ਪਰਮਾਤਮਾ ਆਪ ਹੈ, ਖੇੜਾ ਦੇਣ ਵਾਲਾ ਆਪ ਹੈ, ਸੰਭਾਲਣ ਵਾਲਾ ਆਪ ਹੈ, ਉਸਦੀ ਸੁਰਤ ਵਿੱਚ ਗਿਆਨ



www.AKJ.Org

ਹੋਵੇਗਾ। ਸਤਿਗੁਰੂ ਜੀ ਕਹਿੰਦੇ ਹਨ –

ਗੁਰਮੁਖਿ ਬੁਢੇ ਕਦੇ ਨਾਹੀ
ਜਿਨਾ ਅੰਤਰਿ ਸੁਰਤਿ ਗਿਆਨੁ।।
(ਪੰਨਾ ੧੪੧੮)

ਗੁਰਮੁਖਿ ਕਦੇ ਬੁੱਢੇ ਨਹੀਂ ਹੁੰਦੇ। ਕਰਮ ਨਾਲ ਪਰਮਾਤਮਾ ਨਹੀਂ ਮਿਲਦਾ, ਪ੍ਰਸਾਦਿ ਨਾਲ ਮਿਲਦਾ ਹੈ, ਕ੍ਰਿਪਾ ਨਾਲ ਮਿਲਦਾ ਹੈ। ਕ੍ਰਿਪਾ ਦਾ ਸਰੂਪ ਕੀ ਹੈ ? ਕ੍ਰਿਪਾ ਦਾ ਸਰੂਪ ਹੈ ਉਸਦਾ ਪ੍ਰੇਮ। ਜਦੋਂ ਮਨ ਦ੍ਰਵਿਆ ਜਾਏਗਾ ਉਸਦੀ ਨਿਸ਼ਾਨੀ ਕੀ ਹੋਏਗੀ ? ਮਨੁੱਖ ਪ੍ਰੇਮੀ ਹੋ ਜਾਏਗਾ। ਕਿਸਦਾ ਪ੍ਰੇਮੀ ਹੋਏਗਾ ? ਮਨੁੱਖ ਸਾਹਿਬ ਦਾ ਪ੍ਰੇਮੀ ਹੋਏਗਾ। ਜਿੱਥੇ ਜਿੱਥੇ ਉਹ ਸਾਹਿਬ ਨੂੰ ਵੇਖੇਗਾ ਉੱਥੇ ਉੱਥੇ ਪ੍ਰੇਮ ਕਰਦਾ ਜਾਏਗਾ। ਉਹ ਜਾਣ ਲੈਂਦਾ ਹੈ ਕਿ ਸਾਹਿਬ ਹਰ ਸਰੂਪ ਵਿੱਚ ਹੈ, ਇਸ ਲਈ ਉਹ ਪਰਮਾਤਮਾ ਦੇ ਹਰ ਸਰੂਪ ਨਾਲ ਪ੍ਰੇਮ ਕਰਦਾ ਹੈ। ਇਹ ਹੈ ਮਨ ਦਾ ਦ੍ਰਵਣਾ। ਜਿਸਦਾ ਜੀਵਨ ਵਿੱਚ ਮਨ ਨਹੀਂ ਦ੍ਰਵਿਆ ਉਸਨੂੰ ਪਰਮਾਤਮਾ ਨਹੀਂ ਮਿਲ ਸਕਦਾ। ਸੋ ਹੇ ਭਾਈ ! ਤੂੰ ਉਨ੍ਹਾਂ ਢੂੰਡਾਊਆਂ ਦੀ ਸੰਗਤ ਕਰ ਜਿਨਾਂ ਨੇ ਅਜੇ ਪਾਇਆ ਨਹੀਂ, ਪ੍ਰਭੂ ਨੂੰ ਢੂੰਡਣ ਲੱਗੇ ਹੋਏ ਹਨ। ਸਤਸੰਗਤ ਵਿੱਚ ਜਾਣ ਨਾਲ ਕਣੀਆਂ ਇਕੱਠੀਆਂ ਹੋ ਕੇ ਸਮੁੰਦਰ ਵਿੱਚ ਡਿੱਗ ਸਕਦੀਆਂ ਹਨ, ਸ਼ਹੁ ਸਾਗਰ ਨੂੰ ਪ੍ਰਾਪਤ ਕਰ ਸਕਦੀਆਂ ਹਨ।

ਕਈ ਜੀਵਨ ਵਿੱਚ ਐਸੇ ਬੰਦੇ ਮਿਲਣਗੇ ਜੋ ਭਟਕੇ ਹੋਏ ਹਨ। ਉਨ੍ਹਾਂ ਤੋਂ ਨਫ਼ਰਤ ਨਹੀਂ ਕਰਨੀ। ਉਨ੍ਹਾਂ ਦੇ ਭੀ ਨੇੜੇ ਜਾਣਾ ਚਾਹੀਦਾ ਹੈ। ਹੇ ਭਾਈ ! ਅਜਿਹੇ ਭਟਕੇ ਬੰਦੇ ਤੋਂ ਨਫ਼ਰਤ ਨਾ ਕਰ, ਨਹੀਂ ਤਾਂ ਉਹ ਹੋਰ ਖੂਹ ਵਿੱਚ ਡਿੱਗ ਪਵੇਗਾ। ਉਸਨੂੰ ਬਾਹਰ ਕੱਢਣ ਦਾ ਯਤਨ ਕਰ। ਕਈ ਕਹਿੰਦੇ ਹਨ ਕਿ ਫਲਾਣੇ ਨਾਲ ਨਹੀਂ ਬੋਲਣਾ। ਜੇਕਰ ਬੋਲਾਂਗੇ ਹੀ ਨਹੀਂ ਤਾਂ ਉਸਦਾ ਸੁਧਾਰ ਕਿਵੇਂ ਹੋਵੇਗਾ ? ਗੁਲਾਬ ਦਾ ਫੁੱਲ ਛੱਪੜ ਵਿੱਚ ਡਿੱਗਾ ਹੋਵੇ ਤਾਂ ਅਵਾਜ਼ਾਂ ਮਾਰਨ ਨਾਲ ਨਹੀਂ ਨਿਕਲੇਗਾ। ਛੱਪੜ ਵਿੱਚ ਵੜਨਾ ਪਵੇਗਾ ਤਾਂ ਚਿੱਕੜ ਤਾਂ ਲੱਗੇਗਾ ਹੀ। ਜੇ ਕਿਸੇ ਔਗੁਣਾਂ ਵਾਲੇ ਬੰਦੇ ਨੂੰ ਔਗੁਣਾਂ ਵਿਚੋਂ ਕੱਢਣਾ ਹੈ ਤਾਂ ਇੱਕ ਜੁਗਤ ਅਪਨਾਉਣੀ ਪਵੇਗੀ। ਉਂਜ ਹੀ ਕਿਸੇ ਨੂੰ ਕਹੋ ਕਿ ਸ਼ਰਾਬ ਨਾ ਪੀਆ ਕਰ, ਕੀ ਉਹ ਛੱਡ ਦੇਵੇਗਾ ? ਘਰ ਦੇ ਰੋਜ਼ ਰੌਲਾ ਪਾਉਂਦੇ ਹਨ ਪਰ ਨਹੀਂ ਛੱਡਦਾ। ਕੋਈ ਵਿਕਾਰਾਂ ਵਿੱਚ ਫਸ ਗਿਆ, ਕੀ ਸਿਰਫ ਕਹਿਣ ਨਾਲ ਛੱਡ ਦੇਵੇਗਾ ? ਜੁਗਤ ਵਰਤਣੀ ਪਵੇਗੀ। ਜੁਗਤ ਕੀ ਹੈ ? ਸਤਿਗੁਰੂ ਕਹਿੰਦੇ ਹਨ, *"ਜੁਗਤ ਇਹ ਹੈ ਕਿ ਔਗੁਣਾਂ ਵਾਲੇ ਬੰਦੇ ਨੂੰ ਨਹੀਂ ਭੰਡਣਾ ਸਗੋਂ ਔਗੁਣਾਂ ਨੂੰ ਭੰਡਣਾ ਹੈ।"* ਜਦੋਂ ਕਿਸੇ ਕੋਲੋਂ ਕੋਈ ਭੁੱਲ ਹੋ ਜਾਏ, ਅਸੀਂ ਭੁੱਲ ਦੀ ਇਤਨੀ ਚਰਚਾ ਨਹੀਂ ਕਰਦੇ ਜਿੰਨੀ ਭੁੱਲਣ ਵਾਲੇ ਦੀ ਕਰਦੇ ਹਾਂ। ਸਾਰਾ ਦਿਨ ਰੌਲਾ ਪਾਉਂਦੇ ਹਾਂ ਕਿ ਫਲਾਣੇ ਨੇ ਇਹ ਗਲਤੀ ਕੀਤੀ। ਇੰਜ ਕਰਨ ਨਾਲ ਉਹ ਸਗੋਂ ਦਸ ਗਲਤੀਆਂ ਹੋਰ ਕਰੇਗਾ। ਸਤਿਗੁਰੂ ਕਹਿੰਦੇ ਹਨ ਕਿ ਜੇ ਕਿਸੇ ਕੋਲੋਂ ਭੁੱਲ ਹੋ ਗਈ ਤਾਂ ਉਸ ਦੀ ਭੁੱਲ ਦੀ ਚਰਚਾ ਕਰ, ਔਗੁਣਾਂ ਨੂੰ ਭੰਡ ਪਰ ਔਗੁਣ ਵਾਲੇ ਨੂੰ ਨਾ ਭੰਡ। ਹੇ ਭਾਈ ! ਜੇ ਤੂੰ ਔਗੁਣਾਂ ਨੂੰ ਭੰਡੇਂਗਾ ਤਾਂ ਔਗੁਣ ਵਾਲਾ ਔਗੁਣ ਛੱਡ ਜਾਏਗਾ। *'ਚੱਕਰ'* ਸ਼ਬਦ ਕਈ ਵਾਰ ਪੜ੍ਹਿਆ ਹੈ। ਇਹ *'ਚੱਕਰ'* ਸ਼ਬਦ ਪੜ੍ਹਦੇ ਪੜ੍ਹਦੇ ਗਲ ਸੁਦਰਸ਼ਨ ਚੱਕਰ ਤੇ ਭੀ ਆਈ। ਸੁਦੱਰਸ਼ਨ ਚੱਕਰ ਦੇ ਨਾਲ ਪਾਪੀਆਂ ਦਾ ਨਾਸ਼ ਕੀਤਾ ਗਿਆ ਪਰ ਸਤਿਗੁਰੂ ਨਾਨਕ ਦੇਵ ਜੀ ਭੀ ਇੱਕ ਚੱਕਰ ਚਲਾ ਗਏ *'ਸਤਿਨਾਮ ਦਾ ਚੱਕਰ ਚਲਾਇਆ'*। ਜਦੋਂ ਸਤਿਨਾਮ ਦਾ ਚੱਕਰ ਚਲਿਆ ਤਾਂ ਉਸ ਨੇ ਪਾਪੀਆਂ ਦਾ ਨਹੀਂ ਪਾਪ ਦਾ ਨਾਸ਼ ਕੀਤਾ। ਜੇ ਪਾਪ ਹੀ ਨਾਸ਼ ਹੋ ਜਾਣ ਤਾਂ ਪਾਪੀ ਨਹੀਂ ਰਹੇਗਾ। ਨਮਸਕਾਰ ਹੈ ਗੁਰੂ ਨਾਨਕ ਨੂੰ। ਸਤਿਗੁਰੂ ਜੁਗਤ ਦੱਸਦੇ ਹਨ ਮਨ ਨੂੰ ਦ੍ਰਵਣ ਦੀ। ਜੇ ਅਸੀਂ ਭੀ *'ਸਤਿਨਾਮ ਦੇ ਚੱਕਰ'* ਦੀ ਜੁਗਤ ਅਪਣਾਅ ਲਈਏ ਤਾਂ ਸਾਡੇ ਕਰਕੇ ਨਹੀਂ ਸਗੋਂ ਸਤਿਨਾਮ ਕਰਕੇ ਔਗੁਣਾਂ ਦਾ ਨਾਸ਼ ਹੋਵੇਗਾ। ਇੱਕ ਸ਼ਬਦ ਹੋਰ ਹੈ 'ਮਨ ਬਚ ਕਰਮ'। ਜਦੋਂ ਕੋਈ ਔਗੁਣ ਵਾਲਾ ਬੰਦਾ ਮਿਲਦਾ ਹੈ ਤਾਂ ਉਸ ਦੀ ਪਹਿਚਾਣ ਕਿਵੇਂ ਹੁੰਦੀ ਹੈ ? ਉਸਦੀ ਪਹਿਚਾਣ ਉਸ ਦੇ ਬਚਨਾਂ ਤੋਂ ਹੁੰਦੀ ਹੈ। ਜਦੋਂ ਕੋਈ ਬੰਦਾ ਤੁਹਾਡੇ ਕੋਲ ਕੌੜੇ ਬਚਨ ਬੋਲੇ ਤਾਂ ਝੱਟ ਸਮਝ ਜਾਓ ਕਿ ਇਸ ਨੇ ਹੁਣ ਪੁੱਠਾ ਕਰਮ ਕਰਨਾ ਹੀ ਕਰਨਾ ਹੈ। ਮੈਂ ਇਸਦੇ ਪੁੱਠਾ ਕਰਮ ਕਰਨ ਤੋਂ ਪਹਿਲਾਂ ਪਹਿਲਾਂ ਹੀ ਇਸ ਨੂੰ ਮੋੜ ਲਵਾਂ। ਸਾਵਧਾਨ ਹੋਣ ਦੀ ਲੋੜ ਹੈ। ਕਿਉਂਕਿ ਜਿਹੜਾ ਮੰਦੇ ਬੋਲ ਬੋਲ ਰਿਹਾ ਹੈ ਕੀ ਪਤਾ ਉਸ ਨੇ ਇੱਟ ਚੁੱਕ ਕੇ ਮਾਰਨੀ ਹੈ। ਉਸ ਨੇ ਅਗਲਾ ਕਰਮ ਕਰਨਾ ਹੀ ਕਰਨਾ ਹੈ। ਸਾਨੂੰ ਗੁਰੂ ਨੇ ਜੁਗਤ ਦੱਸ ਦਿੱਤੀ ਹੈ ਕਿ ਔਗੁਣ ਵਾਲੇ ਦੇ ਭੱਦੇ ਸ਼ਬਦਾਂ ਨੂੰ ਸੁੱਟ ਕੇ ਇਸ ਤਰ੍ਹਾਂ ਉਸ ਨਾਲ ਜੁੜ ਜਾਓ, ਇਸ ਤਰ੍ਹਾਂ ਉਸ ਨਾਲ ਪਿਆਰ ਪਾਓ ਕਿ ਉਹ ਕਰਮ ਦੀ ਬਜਾਏ ਮਨ ਵੱਲ ਆ ਜਾਏ, ਮੰਨਣ ਵਲ ਆ ਜਾਏ। ਉਸਦਾ ਸੁਧਾਰ ਹੋ ਜਾਏ। ਪਰ ਸਾਡੇ



www.AKJ.Org

ਸੰਸਾਰ ਵਿੱਚ ਇੰਜ ਹੁੰਦਾ ਹੈ ਕਿ ਇੱਕ ਬੰਦਾ ਗੁੱਸੇ ਵਿੱਚ ਬੋਲ ਰਿਹਾ ਹੈ ਤਾਂ ਅਸੀਂ ਭੀ ਬੋਲਣ ਲੱਗ ਜਾਂਦੇ ਹਾਂ। ਨਤੀਜਾ ਇਹ ਹੁੰਦਾ ਹੈ ਕਿ ਜੇ ਉਸ ਨੇ ਇੱਟ ਭੀ ਨਹੀਂ ਚੁੱਕਣੀ ਹੁੰਦੀ ਤਾਂ ਪੱਥਰ ਚੁੱਕੇਗਾ। ਪਰ ਇਸ ਸਾਰੀ ਗੱਲ ਪਿੱਛੇ ਜੁਗਤ ਹੈ। ਜਦੋਂ ਕੋਈ ਤਰਨ ਵਾਲਾ ਬੰਦਾ ਡੁੱਬਣ ਵਾਲੇ ਬੰਦੇ ਨੂੰ ਕੱਢ ਲਿਆਉਂਦਾ ਹੈ। ਇਹ ਚੰਗੇ ਤਾਰੂ ਦੀ ਨਿਸ਼ਾਨੀ ਹੈ। ਗਨਕਾ ਪਾਪਣ ਦਾ ਉਧਾਰ ਕਰਨ ਵਾਸਤੇ ਮਹਾਤਮਾ ਗਏ ਪਰ ਪਹਿਲਾਂ ਪਾਪਾਂ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖਿਆ, ਕਿਧਰੇ ਪਾਪ ਮੈਨੂੰ ਜੱਫਾ ਨਾ ਮਾਰ ਲੈਣ। ਆਪਣੇ ਆਪ ਨੂੰ ਬਚਾ ਕੇ ਵਿਉਂਤ ਦੱਸ ਦਿੱਤੀ ਕਿ ਤੋਤੇ ਨੂੰ ਰਾਮ ਰਾਮ ਜਪਾਇਆ ਕਰ। ਕਿਸੇ ਦਾ ਜੇਕਰ ਕਿਸੇ ਨੇ ਉਧਾਰ ਕਰਨਾ ਹੈ ਤਾਂ ਪਹਿਲਾਂ ਆਪਣੇ ਆਪ ਨੂੰ ਉਸ ਦੇ ਔਗੁਣਾਂ ਤੋਂ ਬਚਾ ਕੇ ਰੱਖੇ। ਕਿਤੇ ਐਸਾ ਨਾ ਹੋਵੇ ਕਿ ਉਸਦੇ ਔਗੁਣ ਤੁਹਾਨੂੰ ਚਿੰਬੜ ਜਾਣ। ਦੂਸਰੇ ਦਾ ਉਧਾਰ ਭੀ ਮਨੁੱਖੀ ਗੁਣ ਨਹੀਂ ਕਰ ਸਕਦੇ ਸਗੋਂ ਹਰੀ ਗੁਣ ਹੀ ਕਰ ਸਕਦੇ ਹਨ। ਹੇ ਭਾਈ ! ਹਰੀ ਗੁਣ ਗੁਰਬਾਣੀ ਹੈ। ਹੇ ਭਾਈ ! ਤੂੰ ਗੁਰਬਾਣੀ ਨੂੰ ਆਧਾਰ ਬਣਾ ਕੇ, ਸ਼ਬਦ ਨੂੰ ਵੀਚਾਰ ਕੇ, ਆਧਾਰ ਬਣਾ ਕੇ, ਗੁਰਬਾਣੀ ਦਾ ਸਾਹਾਰਾ ਲੈ ਕੇ ਕਿਸੇ ਔਗੁਣਾਂ ਵਾਲੇ ਨੂੰ ਉਸ ਦੇ ਔਗੁਣਾਂ ਤੋਂ ਬਚਾਉਣ ਜਾਹ। ਆਪਣੇ ਮਨ ਕਰਕੇ ਕਿਸੇ ਨੂੰ ਔਗੁਣਾਂ ਤੋਂ ਬਚਾਉਣਾ ਔਖਾ ਹੈ ਕਿਉਂਕਿ ਮਨ ਤਾਂ ਚੰਚਲ ਹੈ, ਕੀ ਪਤਾ ਹੈ ਇਹ ਆਪ ਹੀ ਔਗੁਣਾਂ ਵਾਲੇ ਪਾਸੇ ਤੁਰ ਪਵੇ। ਅਸੀਂ ਤੁਰਦੇ ਹਾਂ, ਸਾਡੇ ਕੱਪੜੇ ਮੈਲੇ ਹੋ ਜਾਂਦੇ ਹਨ। ਧੂੜਾਂ ਪੈਂਦੀਆਂ ਹਨ, ਸਾਡਾ ਸਰੀਰ ਮੈਲਾ ਹੋ ਜਾਂਦਾ ਹੈ ਪਰ ਕੀ ਕਦੇ ਵੀਚਾਰ ਕੀਤੀ ਹੈ ਕਿ ਧੂੜ ਭੀ ਬਾਹਰ ਹੈ, ਚੋਲਾ ਅਤੇ ਸਰੀਰ ਭੀ ਬਾਹਰ ਹੈ ਤੇ ਧੋਣ ਵਾਲਾ ਪਾਣੀ ਤੇ ਸਾਬਣ ਭੀ ਬਾਹਰ ਹੈ। ਇਨ੍ਹਾਂ ਚੋਂ ਕੋਈ ਚੀਜ਼ ਸਾਡੇ ਅੰਦਰ ਨਹੀਂ। ਇਹ ਚੀਜ਼ਾਂ ਬਾਹਰਲੀ ਮੈਲ ਨੂੰ ਧੋ ਦੇਣਗੀਆਂ। ਇੱਕ ਬੰਦਾ ਕਹੇ ਮੈਂ ਇਸ਼ਨਾਨ ਕਰ ਲਵਾਂ, ਚੰਗੇ ਕੱਪੜੇ ਪਾ ਲਵਾਂ ਪਰ ਅੰਦਰ ਬੈਠ ਜਾਵਾਂ, ਕਮਰਾ ਭੀ ਟਾਈਟ ਹੋਵੇ, ਬਾਹਰੋਂ ਧੂੜ ਭੀ ਨਾ ਜਾਵੇ ਮੈਂ ਅੰਦਰ ਹੀ ਬੈਠਾ ਰਹਾਂ, ਕੋਈ ਕੰਮ ਨਾ ਕਰਾਂ ਤੇ ਮੈਨੂੰ ਮੈਲ ਨਾ ਚੜ੍ਹੇ। ਕਦੇ ਹੋ ਸਕਦੈ ? ਫਿਰ ਭੀ ਦੂਜੇ ਤੀਜੇ ਦਿਨ ਇਸ਼ਨਾਨ ਕਰਨਾ ਪੈ ਗਿਆ। ਖ਼ਿਆਲ ਹੈ, ਬੰਦਾ ਵਿਹਲਾ ਬੈਠਾ, ਚੰਗੇ ਕੱਪੜੇ ਪਾ ਕੇ ਬੈਠਾ, ਚੰਗੀ ਥਾਂ ਤੇ ਬੈਠਾ ਫਿਰ ਭੀ ਧੂੜਾਂ ਚੜ੍ਹਦੀਆਂ ਹਨ, ਇਸ਼ਨਾਨ ਕਰਨਾ ਪੈਂਦਾ ਹੈ। ਘੜੀ ਬੰਦ ਪਈ ਹੈ ਪਰ ਜਦੋਂ ਮਕੈਨਿਕ ਕੋਲ ਜਾਈਦਾ ਹੈ ਉਹ ਖੋਲ੍ਹਦਾ ਹੈ ਤੇ ਵਿੱਚ ਮਿੱਟੀ ਹੈ। ਮਕਾਨ ਨੂੰ ਬਾਹਰ ਤਾਲਾ ਲੱਗਾ ਹੋਇਆ ਹੈ। 15 ਦਿਨ ਲਈ ਬਾਹਰ ਚਲੇ ਗਏ। ਸਭ ਦਰਵਾਜ਼ੇ ਖਿੜਕੀਆਂ ਬੰਦ ਸਨ ਪਰ ਜਦੋਂ 15 ਦਿਨ ਮਗਰੋਂ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਘੱਟਾ ਹੀ ਘੱਟਾ ਹੈ। ਜਿਹੜਾ ਬੰਦਾ ਕੰਮ ਭੀ ਨਾ ਕਰੇ, ਅੰਦਰ ਬੈਠੇ ਦਰਵਾਜ਼ੇ ਭੀ ਬੰਦ ਹੋਣ ਜੇ ਉਸ ਨੂੰ ਧੂੜ ਪੈਂਦੀ ਹੈ ਤਾਂ ਮਨ ਤਾਂ ਟਿਕਦਾ ਹੀ ਨਹੀਂ, ਇਹ ਪਤਾ ਨਹੀਂ ਕਿੰਨੀ ਕੁ ਧੂੜ ਇਕੱਠੀ ਕਰੀ ਬੈਠਾ ਹੈ। ਇੱਕ ਸੁਆਲ ਪੈਦਾ ਹੋ ਗਿਆ। ਬਾਹਰ ਦੀ ਧੂੜ ਧੋਣ ਲਈ ਬਾਹਰ ਪਾਣੀ ਭੀ ਸੀ, ਹੁਣ ਅੰਦਰ ਦਾ ਪਾਣੀ ਕਿੱਥੋਂ ਲੱਭਾਂ ਜਿਹੜਾ ਮੇਰੀ ਅੰਦਰ ਦੀ ਧੂੜ ਧੋ ਦੇਵੇ। ਮੈਨੂੰ ਕੋਈ ਅੰਦਰ ਦਾ ਪਾਣੀ ਦੱਸੇ, ਮੈਨੂੰ ਕੋਈ ਅੰਦਰ ਦਾ ਸਰੋਵਰ ਦੱਸ ਦੇਵੇ ਜਿਸ ਸਰੋਵਰ ਚੋਂ ਮੈਂ ਉਹ ਅੰਮ੍ਰਿਤ ਲੈ ਲਵਾਂ ਤੇ ਅੰਦਰ ਦੀ ਧੂੜ ਧੋ ਲਵਾਂ। ਬਾਹਰ ਅੱਜ ਤੱਕ ਅਸੀਂ ਨਾਉਂਦੇ ਰਹੇ ਹਾਂ, ਬਾਹਰ ਬथੇਰੇ ਸਾਬਣ ਮਲੇ, ਬੜਾ ਬੜਾ ਪਾਣੀ ਪਾਇਆ ਪਰ ਮੈਂ ਕੀ ਕਰਾਂ ਅੰਦਰ ਦੀ ਧੂੜ ਵੱਧਦੀ ਜਾ ਰਹੀ ਹੈ। ਮੇਰੇ ਬਾਹਰ ਨ੍ਹਾਤਿਆਂ ਭੀ ਅੰਦਰ ਦੀ ਦੁਰਗੰਧ ਨਹੀਂ ਮਰੀ। ਪਰ ਬਾਹਰਲਾ ਪਾਣੀ ਹੁਣ ਅੰਦਰ ਜਾ ਕੇ ਨਹੀਂ ਧੋ ਸਕਦਾ। ਕੋਈ ਮੈਨੂੰ ਅੰਦਰ ਦਾ ਪਾਣੀ ਦੱਸੇ, ਕੋਈ ਮੈਨੂੰ ਅੰਦਰ ਦਾ ਅੰਮ੍ਰਿਤ ਸਰੋਵਰ ਦੱਸ ਦੇਵੇ, ਮੈਨੂੰ ਕੋਈ ਅੰਦਰ ਦਾ ਮੈਲ ਕੱਟਣ ਦਾ ਸਾਧਨ ਦੱਸ ਦੇਵੇ ਤਾਂ ਕਿ ਮੈਂ ਅੰਦਰ ਦੀ ਮੈਲ ਉਤਾਰ ਲਵਾਂ। ਇਸ ਮੈਲ ਕਰਕੇ ਮਨ ਕਠੋਰ ਹੋ ਗਿਆ, ਮਨ ਤੇ ਬੜੀ ਮੈਲ ਜੰਮ ਗਈ। ਇਸ ਮੈਲ ਕਰਕੇ ਮਨ ਪੱਥਰ ਹੋ ਗਿਆ, ਦ੍ਰਵਿਆ ਨਹੀਂ ਜਾ ਰਿਹਾ। ਇਸ ਮੈਲ ਕਰਕੇ ਮਨ ਕਿਸੇ ਤੇ ਤਰਸ ਨਹੀਂ ਕਰਦਾ। ਇਸ ਮੈਲ ਕਰਕੇ ਮਨ ਲੋਭੀ ਹੋ ਗਿਆ, ਸੰਤੋਖੀ ਨਹੀਂ ਰਿਹਾ। ਇਸ ਮੈਲ ਕਰਕੇ ਮਨ ਜਪ ਤੋਂ ਦੂਰ ਚਲਾ ਗਿਆ। ਹੁਣ ਕਿਹੜੀ ਜੁਗਤ ਅਪਨਾਵਾਂ ? ਮੈਂ ਦੂਰ ਦੂਰ ਤੱਕ ਨਜ਼ਰ ਮਾਰੀ, ਮੈਨੂੰ ਸਤਿਗੁਰਾਂ ਤੋਂ ਬਿਨਾ ਕੋਈ ਹੋਰ ਨਜ਼ਰ ਨਹੀਂ ਆਇਆ ਜਿਹੜਾ ਮੈਨੂੰ ਅੰਦਰਲੇ ਸਰੋਵਰ ਦੀ ਪਹਿਚਾਣ ਕਰਾ ਦੇਵੇ। ਸਿਰਫ ਸਤਿਗੁਰੂ ਦੱਸਦੇ ਹਨ ਕਿ ਹੇ ਭਾਈ ! ਤੇਰੇ ਅੰਦਰ ਇੱਕ ਅੰਮ੍ਰਿਤ ਸਰੋਵਰ ਹੈ। ਸਿਰਫ ਸਤਿਗੁਰੂ ਹੀ ਇਸ ਅੰਮ੍ਰਿਤ ਬਾਰੇ ਦੱਸਦੇ ਹਨ। ਸਤਿਗੁਰੂ ਹੀ ਕਹਿੰਦੇ ਹਨ ਤੇਰੇ ਅੰਦਰ ਮੈਲ ਨੂੰ ਕੱਟਣ ਵਾਲੇ ਗੁਣ ਹਨ।

ਅਉਗਣੀ ਭਰਿਆ ਸਰੀਰੁ ਹੈ



www.AKJ.Org

ਕਿਉ ਸੰਤਹੁ ਨਿਰਮਲੁ ਹੋਇ।।
ਗੁਰਮੁਖਿ ਗੁਣ ਵੇਹਾਝੀਅਹਿ
ਮਲੁ ਹਉਮੈ ਕਢੈ ਧੋਇ।। (ਪੰਨਾ ੩੧੧)

ਸਤਿਗੁਰੂ ਕਹਿੰਦੇ ਹਨ ਤੇਰੇ ਅੰਦਰ ਸ਼ਬਦ ਹੈ, ਤੇਰੇ ਅੰਦਰ ਸ਼ਬਦ ਦਾ ਅੰਮ੍ਰਿਤ ਹੈ, ਤੇਰੇ ਅੰਦਰ ਅੰਮ੍ਰਿਤ ਦਾ ਕੁੰਟ ਹੈ। ਸਤਿਗੁਰੂ ਜੀ ਨੇ ਇਸ ਨੂੰ ਪ੍ਰਾਪਤ ਕਰਨ ਦੀ ਜੁਗਤ ਦੱਸੀ। ਹੁਣ ਅੰਮ੍ਰਿਤ ਹੈ ਤਾਂ ਅੰਦਰ ਹੀ ਸੀ। ਜਿਵੇਂ ਕਿਸੇ ਨੇ ਕਿਹਾ ਸੀ ਹੇ ਧਰਤੀ ! ਤੇਰੇ ਵਿੱਚ ਪਾਣੀ ਹੈ, ਮੈਲ ਕੱਟਣ ਵਾਲਾ ਨਿਰਮਲ ਜਲ ਹੈ। ਕੋਈ ਆਇਆ ਤੇ ਧਰਤੀ ਚੋਂ ਪਾਣੀ ਬਾਹਰ ਕੱਢਣ ਦੀ ਜੁਗਤ ਦੱਸ ਗਿਆ ਕਿ ਹੇ ਭਾਈ ! ਤੂੰ ਧਰਤੀ ਵਿੱਚ ਬੋਰ ਕਰ ਲੈ, ਬੋਰ ਕਰਕੇ ਨਲਕਾ ਲਗਵਾ ਲੈ, ਨਲਕੇ ਵਿੱਚ ਬੋਕੀ ਪਾ, ਮਸ਼ੀਨਰੀ ਫਿੱਟ ਕਰ, ਹੈਂਡਲ ਚਲਾ ਪਰ ਗਲ ਅਜੇ ਬਣੀ ਨਹੀਂ। ਧਰਤੀ ਵਿੱਚ ਪਾਣੀ ਸੀ। ਹੁਣ ਬੋਰ ਹੋ ਗਿਆ, ਸਾਰੀ ਮਸ਼ੀਨਰੀ ਫਿੱਟ ਹੋ ਗਈ ਪਰ ਗੱਲ ਨਹੀਂ ਬਣੀ। ਕਿਸੇ ਨੇ ਆ ਕੇ ਆਖਿਆ ਜੁਗਤ ਨਹੀਂ ਆਉਂਦੀ ? ਸਿਆਣੇ ਨੇ ਦੱਸਿਆ ਹੈਂਡਲ ਮਾਰਨ ਨਾਲ ਪਾਣੀ ਬਾਹਰ ਨਹੀਂ ਆਏਗਾ ਜਦ ਤੱਕ ਤੂੰ ਬਾਹਰੋਂ ਪਾਣੀ ਨਹੀਂ ਪਾਉਂਦਾ। ਜਦੋਂ ਤੂੰ ਬਾਹਰੋਂ ਨਲਕੇ ਵਿੱਚ ਪਾਣੀ ਪਾਵੇਂਗਾ ਤੇ ਹੈਂਡਲ ਮਾਰੇਂਗਾ ਤਾਂ ਅੰਦਰਲਾ ਪਾਣੀ ਬਾਹਰ ਆ ਜਾਵੇਗਾ। ਫਿਰ ਹੈਂਡਲ ਮਾਰਦਾ ਰਹੀਂ, ਮਾਰਦਾ ਰਹੀਂ ਤੇ ਪਾਣੀ ਬਾਹਰ ਆਉਂਦਾ ਰਹੇਗਾ। ਸਤਿਗੁਰੂ ਨੇ ਭੀ ਐਸਾ ਕਹਿ ਦਿੱਤਾ ਕਿ ਹੇ ਭਾਈ ! ਸ਼ਬਦ ਤੇਰੇ ਅੰਦਰ ਹੈ, ਅੰਮ੍ਰਿਤ ਤੇਰੇ ਅੰਦਰ ਹੈ, ਧੂੜ, ਮੈਲ ਕੱਟਣ ਵਾਲਾ ਅੰਮ੍ਰਿਤ ਅੰਦਰ ਸਮਾਇਆ ਹੋਇਆ ਹੈ ਲੇਕਿਨ ਗੁਰਸਿੱਖਾ ਆ, ਤੈਨੂੰ ਅੰਦਰੋਂ ਅੰਮ੍ਰਿਤ ਪ੍ਰਾਪਤ ਕਰਨ ਦੀ ਜੁਗਤ ਦੱਸਾਂ, ਪਹਿਲਾਂ ਬਾਹਰੋਂ ਤੇਰੇ ਮੁੱਖ ਵਿਚ ਅੰਮ੍ਰਿਤ ਪਾ ਦਿਆਂ, ਉਹੀ ਸ਼ਬਦ ਦਾ ਅੰਮ੍ਰਿਤ ਪਾ ਦਿਆਂ ਤੇ ਫਿਰ ਤੂੰ ਸੁਆਸਾਂ ਦਾ ਹੈਂਡਲ ਮਾਰੀ ਜਾਈਂ ਤਾਂ ਅੰਦਰਲਾ ਅੰਮ੍ਰਿਤ ਬਾਹਰ ਆਏਗਾ। ਉਹ ਅੰਮ੍ਰਿਤ ਜੋ ਅੰਦਰੋਂ ਪ੍ਰਫੁਲਤ ਹੋਵੇਗਾ ਤਾਂ ਉਸ ਅੰਮ੍ਰਿਤ ਨਾਲ ਤੂੰ ਆਪਣੀ ਮਨ ਦੀ ਮੈਲ ਭੀ ਕੱਟ ਲਵੀਂ। ਸੋ ਇਸ ਕਰਕੇ ਸਤਸੰਗਤ ਕਰ। ਜੇ ਸਤਸੰਗਤ ਕਰੇਂਗਾ ਤੇਰਾ ਮਨ ਦ੍ਰਵਿਆ ਜਾਵੇਗਾ। ਜਦੋਂ ਅਸੀਂ ਸਤਸੰਗਤ ਵਿੱਚ ਜਾਵਾਂਗੇ, ਗੁਰਮੁਖਾਂ ਦੀ ਸੰਗਤ ਵਿੱਚ ਜਾਵਾਂਗੇ, ਨਾਮ ਜਪਣ ਵਾਲਿਆਂ ਦੀ ਸੰਗਤ ਵਿੱਚ ਜਾਵਾਂਗੇ, ਢੂੰਡਾਊਆਂ ਦੀ ਸੰਗਤ ਵਿੱਚ ਜਾਵਾਂਗੇ, ਉੱਥੇ ਇੱਕ ਕੰਮ ਕਰਨਾ ਹੋਵੇਗਾ, ਸਿਰਫ ਆਪਣਾ ਹੀ ਨਹੀਂ ਸੁਣਾਈਦਾ, ਸੁਣੀਦਾ ਹੈ। ਕਰੂਪ ਵੀ ਸਰੂਪ ਹੋ ਸਕਦੇ ਹਨ, ਬਦਸ਼ਕਲ ਭੀ ਸੋਹਣੇ ਸਰੂਪ ਵਿੱਚ ਆ ਸਕਦੇ ਹਨ ਜੇਕਰ ਉਨ੍ਹਾਂ ਦੇ ਅੰਦਰ ਗੁਣਾਂ ਦੀ ਕਲਾ ਆ ਜਾਏ। ਸਾਡੇ ਕਰੂਪ ਹੋਣ ਦਾ ਕਾਰਣ ਇਹੀ ਹੈ ਕਿ ਅਸੀਂ ਗੁਰੂ ਦੀ ਗਲ ਸੁਣਦੇ ਹੀ ਨਹੀਂ। ਸਾਡੇ ਅੰਦਰ ਗੁਣਾਂ ਦੀ ਜੁਗਤ ਹੀ ਨਹੀਂ। ਬੰਦਾ ਕੇਵਲ ਉਹ ਗੱਲ ਸੁਣਦਾ ਹੈ ਜਿਹੜੀ ਇਸਦੇ ਮਨ ਨੂੰ ਚੰਗੀ ਲੱਗੇ। ਜਦੋਂ ਕੋਈ ਉਪਦੇਸ਼ ਦੇ ਰਿਹਾ ਹੋਵੇ ਤੇ ਸੁਣਨ ਵਾਲਾ ਸੌਂ ਜਾਏ ਤਾਂ ਸਮਝ ਲੈਣਾ ਇਸਦੇ ਮਨ ਨੂੰ ਗੱਲ ਚੰਗੀ ਨਹੀਂ ਲੱਗੀ। ਅਸੀਂ ਦੇਖਦੇ ਹਾਂ ਲੋਕ ਕੀਰਤਨ ਸੁਣਦੇ ਸੁਣਦੇ ਭੀ ਸੌਂ ਜਾਂਦੇ ਹਨ, ਕਥਾ ਸੁਣਦੇ ਸੁਣਦੇ ਭੀ ਸੌਂ ਜਾਂਦੇ ਹਨ। ਕਿਧਰੋਂ ਇੰਜ ਲੱਗਦਾ ਹੈ ਕਿ ਕੁਝ ਗੱਲਾਂ ਮਨੁੱਖ ਨੂੰ ਚੰਗੀਆਂ ਲੱਗੀਆਂ, ਜਾਗਦੇ ਰਹੇ। ਜਦੋਂ ਦੇਖਿਆਂ ਕਿ ਗੁਰੂ ਹੁਣ ਚਪੇੜਾਂ ਮਾਰਨ ਲੱਗ ਪਏ ਹਨ ਤਾਂ ਸੌਂ ਗਏ। ਆਪਣੇ ਬਚਾਓ ਦਾ ਢੰਗ ਮਨੁੱਖ ਨੇ ਬਹੁਤ ਸੋਹਣਾ ਲੱਭਿਆ ਹੈ। ਜੇ ਜੀਵਨ ਬਚਾਉਣਾ ਹੈ ਤਾਂ ਸੰਗਤ ਵਿੱਚ ਆ ਕੇ ਸੌਣਾ ਠੀਕ ਨਹੀਂ। ਕੀ ਪਤਾ ਤੁਹਾਡੇ ਸੁੱਤਿਆਂ ਸੁੱਤਿਆਂ ਗੁਰੂ ਕੋਈ ਐਸੀ ਗੱਲ ਸੁਣਾ ਦੇਵੇ ਜਿਸ ਤੋਂ ਤੁਹਾਡਾ ਪਾਰ-ਉਤਾਰਾ ਹੋ ਸਕਦਾ ਸੀ ਤੇ ਤੁਸੀਂ ਸੁੱਤੇ ਹੀ ਰਹਿ ਜਾਓ। ਮਨੁੱਖ ਦਾ ਇਹ ਸੁਭਾਅ ਹੈ ਕਿ ਜਿਹੜੀ ਗੱਲ ਚੰਗੀ ਲੱਗੇ, ਕਹਿੰਦੇ ਹੈ ਗੁਰੂ ਨੇ ਠੀਕ ਗੱਲ ਕਹੀ ਹੈ। ਜਿਹੜੀ ਗੱਲ ਚੰਗੀ ਨਾ ਲੱਗੇ, ਕਹਿੰਦਾ ਹੈ ਅੱਜ ਦੇ ਯੁੱਗ ਵਿੱਚ ਇਹ ਗੱਲ ਜਚਦੀ ਨਹੀਂ। ਇਸਦਾ ਮਤਬਲ ਇਹ ਹੋਇਆ ਕਿ ਗੁਰੂ ਸਾਡੀ ਮਰਜ਼ੀ ਦੇ ਮੁਤਾਬਕ ਚੱਲੇ। ਅੱਜ ਕਲ੍ਹ ਕਿਸੇ ਨੂੰ ਕਹੋ ਕਿ ਆਸਾ ਦੀ ਵਾਰ ਤੇ ਸਮਾਂ ਦੋ ਢਾਈ ਘੰਟੇ ਤੋਂ ਘੱਟ ਨਹੀਂ ਲੱਗ ਸਕਦਾ ਤਾਂ ਕਹਿੰਦੇ ਹਨ ਖਿੱਚ ਧੂਹ ਕੇ ਪੂਰਾ ਕਰ ਲਿਆ ਕਰੋ ਪਰ ਸਮਾਂ ਘੱਟ ਲਾਓ। ਹੈਰਾਨਗੀ ਹੈ ਕਿ ਕੀ ਗੁਰੂ ਦੀ ਮਰਯਾਦਾ ਨੇ ਸਾਡੇ ਮੁਤਾਬਿਕ ਚੱਲਣਾ ਹੈ ? ਅਸੀਂ ਬਾਣੀ ਨੂੰ ਹੀ ਖਿੱਚੀ ਧੂਹੀਏ ? ਸੋ ਮਨ ਦੇ ਮੁਤਾਬਕ ਨਾ ਚੱਲੀਏ ਸਗੋਂ ਗੁਰੂ ਦੇ ਆਸ਼ੇ ਮੁਤਾਬਕ ਚੱਲੀਏ ਤਾਂ ਹੀ ਸੰਤਸੰਗਤ ਵਿੱਚ ਜਾ ਕੇ ਗੁਰੂ ਦੀ ਬਖਸ਼ਿਸ਼ ਮਿਲ ਸਕਦੀ ਹੈ। ਸਤਿਗੁਰੂ ਜੁਗਤ ਦੱਸਦੇ ਹਨ ਜਿਸਦਾ ਆਸਰਾ ਲੈਣ ਨਾਲ ਆਤਮਕ ਸੁੱਖ ਮਿਲਦੇ ਹਨ, ਫਿਰ ਦੁੱਖ ਨਹੀਂ ਮਿਲਦਾ। ਉਹ ਜੁਗਤ ਹੈ ਜਪ, ਜਿਸ ਜਪ ਕਰਕੇ ਮਨ ਦ੍ਰਵਿਆ ਜਾਂਦਾ ਹੈ। ਜਿਸਦਾ ਮਨ ਦ੍ਰਵਿਆ ਜਾਏਗਾ ਉਸ ਲਈ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਖੁੱਲ੍ਹ ਜਾਏਗਾ।


www.AKJ.Org

# ਜੋਤੀ ਸੰਗਿ ਜੋਤਿ ਸਮਾਨਾ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਹਿੰਦੂ ਮੁਸਲਿਮ, ਸਿੱਖ ਅਤੇ ਈਸਾਈ ਸਾਰੇ ਹੀ ਮੱਤ ਆਪੋ ਵਿਚ ਇਸ ਬੁਨਿਆਦੀ ਤੱਥ ਤੇ ਸੈਹਮਤ ਹਨ ਕਿ ਸੰਸਾਰ ਦੀ ਰਚਨਾ ਤੋਂ ਪਹਿਲਾਂ ਇੱਕ ਹੀ ਹਸਤੀ ਮੌਜੂਦ ਸੀ ਜਿਸ ਨੂੰ ਕੋਈ ਓਂ, ਬ੍ਰਹਮ ਜਾਂ ਪ੍ਰਮਾਤਮਾ ਦੇ ਨਾਮ ਨਾਲ ਪੁਕਾਰਦਾ ਹੈ ਕੋਈ ਉਸ ਨੂੰ ਅੱਲਾ, ਵਾਹਿਗੁਰੂ ਜਾਂ ਅਕਾਲ ਪੁਰਖ ਆਖਦਾ ਹੈ ਅਤੇ ਕੋਈ ਖੁਦਾ, ਗੌਡ ਜਾਂ ਰੱਬ ਦਾ ਨਾਮ ਦੇਂਦਾ ਹੈ। ਨਾਮ ਭਾਵੇਂ ਕੋਈ ਭੀ ਵਰਤਿਆ ਜਾਵੇ, ਇਸ਼ਾਰਾ ਸਭ ਦਾ ਹੀ ਇੱਕ ਬੁਨਿਆਦੀ ਹਸਤੀ ਵੱਲ ਹੀ ਹੈ।

ਜਾਪੁ ਸਾਹਿਬ ਦੇ ਪਹਿਲੇ ਹੀ ਛੰਦ ਵਿੱਚ ਕਲਗੀਧਰ ਜੀ ਦੇ ਕਥਨ ਅਨੁਸਾਰ ਉਸ ਇੱਕ ਹਸਤੀ ਦਾ ਕੋਈ ਰੂਪ ਰੰਗ, ਰੇਖ ਭੇਖ, ਚੱਕ੍ਰ ਚਿਹਨ, ਬਰਨ ਜਾਂ ਜਾਤ ਪਾਤ ਨਹੀਂ, ਇਸ ਕਰਕੇ ਕੋਈ ਨਹੀਂ ਆਖ ਸਕਦਾ ਕਿ ਉਹ ਕੇਹੋ ਜਿਹਾ ਹੈ ਪਰ ਫੇਰ ਭੀ ਉਹ ਹਸਤੀ ਹੈ ਜਿਸ ਨੂੰ ਕਲਗੀਧਰ ਜੀ ਨੇ "ਅਚਲ-ਮੂਰਤਿ, ਅਨਭਉ ਪ੍ਰਕਾਸ, ਅਮਿਤੋਜਿ ਕਹਿੱਜੈ" ਆਖਿਆ ਹੈ। ਅਚੱਲ-ਮੂਰਤਿ ਦਾ ਭਾਵ ਹੈ motionless ਜਾਂ ਬਗੈਰ ਹਰਕਤ ਤੋਂ। ਉਸ ਹਸਤੀ ਨੂੰ ਅਚੱਲ ਇਸ ਕਰਕੇ ਆਖਣਾ ਪਿਆ ਹੈ ਕਿਉਂਕਿ ਜਦੋਂ ਕਿਤੇ ਇਹ ਹਸਤੀ ਸਾਕਾਰ ਹੋ ਸੰਸਾਰ ਦਾ ਰੂਪ ਧਾਰਨ ਕਰ ਜਾਂਦੀ ਹੈ ਤਾਂ ਸਾਕਾਰ ਹਾਲਤ ਵਿੱਚ ਹਰ ਸ਼ੈ ਹਰ ਵਕਤ ਹਰਕਤ ਵਿੱਚ ਰੈਹੰਦੀ ਹੈ। ਜਦੋਂ ਕਿਤੇ ਇਹ ਹਰਕਤ ਬੰਦ ਹੋ ਜਾਵੇ ਤਾਂ ਇਹ ਸਾਕਾਰ ਰੂਪ ਮੁੜ ਨਿਰ-ਆਕਾਰ ਹੋ ਜਾਂਦਾ ਹੈ। ਇਸੀ ਕਰਕੇ ਹੀ ਇਸ ਅਚੱਲ, ਨਿਰ-ਆਕਾਰ ਰੂਪ ਨੂੰ ਨਿਰੰਕਾਰ, ਨਿਰਗੁਣ ਆਖਿਆ ਜਾਂਦਾ ਹੈ ਤੇ ਚਲਇਮਾਨ ਸਰੂਪ ਨੂੰ ਸਾਕਾਰ ਜਾਂ ਸਰਗੁਣ ਸਰੂਪ ਆਖਿਆ ਜਾਂਦਾ ਹੈ।

"ਅਵਲਿ ਅਲਹ ਨੂਰੁ ਉਪਾਇਆ" ਦੇ ਫੁਰਮਾਨ ਅਨੁਸਾਰ ਜਦੋਂ ਨਿਰੰਕਾਰ ਚਲਾਇਮਾਨ ਹੋ ਆਕਾਰ ਧਾਰਨ ਕਰ, ਸਾਕਾਰ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਨੂਰ, ਰੋਸ਼ਨੀ ਜਾਂ ਜੋਤਿ ਦੀ ਸ਼ਕਲ ਵਿੱਚ ਪਰਗਟ ਹੁੰਦਾ ਹੈ। ਇਸ ਜੋਤੀ-ਸਰੂਪ ਆਕਾਰ ਨੂੰ ਗੁਰੂ ਨਾਨਕ ਦੇਵ ਜੀ ਨੇ ੧ਓ (ਓਅੰਕਾਰ) ਆਖਿਆ ਹੈ। ਇਸ ਸਰੂਪ ਨੂੰ ੧ਓ ਦਾ ਨਾਮ ਕਿਉਂ ਦਿੱਤਾ ਗਿਆ ? ਇਸ ਦਾ ਕਾਰਨ ਇਹ ਦਿਖਾਈ ਦਿੰਦਾ ਹੈ ਕਿ ਪ੍ਰਾਚੀਨ ਭਾਰਤ ਵਿੱਚ ਬ੍ਰਹਮ ਨੂੰ 'ਓ' ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਪੁਰਾਣੇ ਸਮਿਆਂ ਵਿੱਚ ਅਗਿਆਨਤਾ ਕਾਰਨ ਇਨਸਾਨ ਨੇ ਜਿਸ ਕਿਸੀ ਨੂੰ ਭੀ ਜ਼ਰਾ ਤਾਕਤਵਰ ਦੇਖਿਆ ਉਸੀ ਨੂੰ ਬ੍ਰਹਮ, ਓਂ ਜਾਂ ਦੇਵੀ ਦੇਵਤਾ ਮੰਨਣਾ ਸ਼ੁਰੂ ਕਰ ਦਿੱਤਾ। ਉਸੀ ਤਰ੍ਹਾਂ ਕਾਲਕਾ ਦੇਵੀ, ਸਰਸਵਤੀ ਦੇਵੀ, ਜਵਾਲਾ ਦੇਵੀ, ਵੈਸ਼ਨੂੰ ਦੇਵੀ ਨਾ-ਮਾਲੂਮ ਕਿਤਨੀਆਂ ਇਸਤਰੀਆਂ ਨੂੰ ਦੇਵੀ ਦਾ ਰੂਪ ਦੇ ਦਿੱਤਾ।

ਇਹ ਸਿਲਸਲਾ ਇਥੋਂ ਤੱਕ ਹੀ ਵੱਧਦਾ ਗਿਆ ਕਿ ਭਾਰਤ ਦੇ ਲੋਕਾਂ ਦੇ ਦੇਵੀ ਦੇਵਤਿਆਂ ਦੀ ਗਿਣਤੀ ਤੇਤੀਸ ਕਰੋੜ ਤੱਕ ਜਾਂ ਪਹੁੰਚੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਮ ਲੋਕਾਈ ਨੂੰ ਭੁਲੇਖੇ ਤੋਂ ਬਚਾਉਣ ਲਈ ਓਂ ਦੇ ਸ਼ਬਦ ਤੋਂ ਪਹਿਲਾਂ ੧ ਦਾ ਹਿੰਦਸਾ ਲਿਖ ਕੇ ਇਹ ਰੋਕ ਹਮੇਸ਼ਾਂ ਲਈ ਲਾ ਦਿੱਤੀ ਕਿ ਓਂ ਜਾਂ ਬ੍ਰਹਮ ਇੱਕ ਹੀ ਹਸਤੀ ਹੈ। ਇਹ ਹਸਤੀ ਨਾ ਕਦੇ ਵੱਧਦੀ ਹੈ, ਨਾ ਕਦੇ ਘੱਟਦੀ ਹੈ ਅਤੇ ਨਾ ਹੀ ਵਾਧ ਘਾਟ ਹੁੰਦੀ ਹੈ, ਸਦਾ ਇੱਕ ਸਾਰ, ਇੱਕ ਰਸ ਰੈਹੰਦੀ ਹੈ। ਇਸ ਲਈ ਓਂ ਦੇ ਨਾਲ ਕਾਰ ਲਾ ਕੇ ਇਸ ਹਸਤੀ ਦੇ ਇੱਕ ਰਸ ਜਾਂ ਇੱਕ ਸਾਰ ਕਾਇਮ ਰੈਹਿਣ ਦਾ ਪ੍ਰਗਟਾਵਾ ਕਰ, ਇਸ ਇੱਕ ਹਸਤੀ ਨੂੰ ੧ਓ (ਇਕ ਓਅੰਕਾਰ) ਬਣਾ ਦਿੱਤਾ।

ਯਾਦ ਰਹੇ ਕਿ ਇਹ ੧ਓ ਸਰੂਪ ਨਿੰਰਕਾਰ ਦਾ ਨੂਰ ਜਾਂ ਜੋਤੀ ਵਾਲਾ ਸਰੂਪ ਹੈ। ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਇਸ ਜੋਤੀ ਸਰੂਪ ਹਸਤੀ ਨੂੰ ੧ਓ ਦਾ ਸ਼ਬਦ ਲਿਖ ਕੇ ਆਪਣੇ ਸਿੱਖਾਂ ਨੂੰ ੧ਓ ਦੇ ਲੜ ਲਾ ਇਸ ਨੂੰ "ਜਪੁ" ਕਰਨ ਦਾ ਹੁਕਮ ਲਾਇਆ, ਪਿੱਛੇ ਸਾਰੀ ਬਾਣੀ ਦਾ ਵਿਸਥਾਰ ਕੀਤਾ। ਕਲਗੀਧਰ ਜੀ ਨੇ ੧ਓ ਨੂੰ ਸ਼ਪਸਟ ਕਰਨ ਲਈ ਇਸ ਹਸਤੀ ਨੂੰ ਜਾਗਤ ਜੋਤਿ ਦਾ ਨਾਂ ਦਿੱਤਾ ਜਿਸ ਦੇ ਸਾਫ ਅਤੇ ਸ਼ਪਸਟ ਅਰਥ ਹਨ *'ਜੀਉਂਦੀ ਜਾਗਦੀ ਰੌਸ਼ਨੀ।'* ਨਾਲ ਦੀ ਨਾਲ ਹੁਕਮ ਦਿੱਤਾ "ਜਾਗਤ -ਜੋਤਿ ਜਪੈ ਨਿਸ ਬਾਸੁਰ"। ਇੱਥੇ ਸ਼ੰਕਾਵਾਦੀ ਸੱਜਣ ਇਹ ਸ਼ੰਕਾ ਕਰ ਸਕਦੇ ਹਨ ਕਿ ਸ਼ਾਇਦ ਕਲਗੀਧਰ ਜੀ ਦੀ ਜਾਗਤ ਜੋਤਿ, ਗੁਰੂ ਨਾਨਕ ਦੇਵ ਜੀ ਦੇ ੧ਓ ਤੋਂ ਵੱਖਰੀ ਹਸਤੀ ਹੈ। ਇਸ ਭੁਲੇਖੇ ਨੂੰ ਦੂਰ ਕਰਨ ਲਈ ਆਪ ਜੀ ਨੇ ਅੱਗੇ ਹੋਰ ਫਰਮਾਇਆ ਕਿ "ਏਕ ਬਿਨਾ ਮਨ ਨੈਕ ਨ ਆਨੈ"। ਆਪਣੇ ਖਾਲਸੇ ਨੂੰ ਇੱਕ ਦਾ ਪੁਜਾਰੀ ਬਣਾ, ਅਨੇਕ ਦੀ ਪੂਜਾ ਤੋਂ ਵਰਜਿਆ। ਉੱਧਰ ਗੁਰੂ ਨਾਨਕ ਦੇਵ ਜੀ ਨੇ ਭੀ ਓ ਤੋਂ ਪਹਿਲਾਂ ੧ ਲਿਖ ਕੇ ਇਕ ਦੀ ਪੂਜਾ ਕਰਨ ਦੀ



www.AKJ.Org

ਹਦਾਇਤ ਕੀਤੀ। ਗੁਰੂ ਨਾਨਕ ਹੀ ਕਲਗੀਧਰ ਸਨ ਤੇ ਕਲਗੀਧਰ ਹੀ ਗੁਰੂ ਨਾਨਕ। ਇਹ ਤੱਥ ਸਰਵ ਪਰਮਾਣਤ ਹੈ। ਇਸ ਤੋਂ ਸਾਫ ਸਿਧ ਹੋਇਆ ਕਿ ਜਿਸ ਹਸਤੀ ਨੂੰ ਗੁਰੂ ਨਾਨਕ ਸਰੂਪ ਵਿਚ ਓ ਤੋਂ ਪਹਿਲੋਂ ਇੱਕ ਆਖ, ਸਿੱਖ ਨੂੰ ੧ਓ ਦਾ ਪੁਜਾਰੀ ਬਣਾਇਆ ਉਸੀ ੧ਓਅੰਕਾਰ ਨੂੰ ਦਸਵੇਂ ਜਾਮੇ ਵਿਚ ਜਾਗਤ-ਜੋਤਿ ਆਖ ਉਸੀ ਹੀ ਇੱਕ ਹਸਤੀ ਨੂੰ ਨਿਸ-ਬਾਸੁਰ ਜਾਂ ਦਿਨੇ ਰਾਤ ਜਪਣ ਦਾ ਹੁਕਮ ਦਿੱਤਾ। ਇਸ ਸਾਰੀ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ, ਨਿਰੰਕਾਰ ਦਾ ਸਾਕਾਰ ਸਰੂਪ ੧ਓ, ਇੱਕ ਜੀਉਂਦੀ ਜਾਗਦੀ ਰੌਸ਼ਨੀ ਹੈ।

ਉਪਰ ਲਿਖੀ ਵਿਚਾਰ ਨੂੰ ਭਾਈ ਸਾਹਿਬ ਨੇ 26ਵੀਂ ਵਾਰ ਵਿੱਚ ਇਸ ਤਰਾਂ ਬਿਆਨ ਕੀਤਾ ਹੈ-

"ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ।" ਦਾ ਸਾਕਾਰ ਰੂਪ ਧਾਰਨ ਕਰਦਾ ਹੈ, ਉਪਰ ਦਿੱਤੀ ਵਿਚਾਰ ਦੀ ਹੀ ਪੁਸ਼ਟੀ ਕੀਤੀ ਹੈ ਪਰ ਇਸ ਵਿੱਚ ਇੱਕ ਵਾਧਾ ਹੋਰ ਇਹ ਭੀ ਕੀਤਾ ਹੈ ਕਿ-

ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ (ਵਾਰ ੨੬/੨)

ਏਕੰਕਾਰਹੁ = ਏਕੰਕਾਰ ਤੋਂ ਜਾਂ ਏਕੰਕਾਰ ਵਿਚੋਂ ਸ਼ਬਦ ਧੁਨ ਪੈਦਾ ਹੋਈ ਤਾਂ ਓਅੰਕਾਰ ਨੇ ਸ਼ਬਦ ਧੁਨ ਦਾ ਆਕਾਰ ਧਾਰਨ ਕੀਤਾ। ਇਸ ਦੁਤੁਕੀ ਦਾ ਅਰਥ ਇਹ ਹੋਇਆ ਕਿ ਨਿਰੰਕਾਰ ਨੇ ਏਕੰਕਾਰ ਜਾਂ ੧ਓ ਨੇ ਸ਼ਬਦ ਧੁਨ ਦਾ ਰੂਪ ਧਾਰਨ ਕੀਤਾ ਤੇ ੧ਓ ਵਿੱਚੋਂ ਸ਼ਬਦ-ਧੁਨ ਪੈਦਾ ਹੋ ੧ਓ ਨੇ ਸ਼ਬਦ ਧੁਨ ਦਾ ਰੂਪ ਧਾਰਨ ਕੀਤਾ। ਨਿਰੰਕਾਰ, ੧ਓ ਅਤੇ ਸ਼ਬਦ ਧੁਨ ਉਸੀ ਤਰਾਂ ਹੀ ਇੱਕੋ ਹਸਤੀ ਦੇ ਬਦਲਵੇਂ ਨਾਮ ਹਨ ਜਿਵੇਂ ਸਮੁੰਦਰ, ਬੱਦਲ ਤੇ ਬਾਰਸ਼, ਇੱਕੋ ਹੀ ਜਲ ਦੇ ਬਦਲਵੇਂ ਨਾਮ ਹਨ। ਨਿਰੰਕਾਰ, ਆਕਾਰ ਰੈਹਤ ਜਾਂ ਨਿਰਗੁਣ ਸਰੂਪ ਹੋਣ ਕਰਕੇ ਉਸ ਹਾਲਤ ਦਾ ਕੋਈ ਅਨੁਭਵ ਨਹੀਂ ਹੋ ਸਕਦਾ ਜਦੋਂ ਕਿ ੧ਓ, ਜਾਗਤ-ਜੋਤਿ ਜਾਂ ਜੀਉਂਦੀ ਰੌਸ਼ਨੀ, ਨਿਰੰਕਾਰ ਦਾ ਸਾਕਾਰ ਜਾਂ ਸਰਗੁਣ ਸਰੂਪ ਹੋਣ ਕਰਕੇ ਅਨੁਭਵ ਦੇ ਨੇਤਰਾਂ ਨਾਲ ਸੁਣਿਆ ਜਾ ਸਕਦਾ ਹੈ। ਇਸ ਹਕੀਕਤ ਦੀ ਪੁਸ਼ਟੀ ਕਲਗੀਧਰ ਜੀ ਅਤੇ ਭਾਈ ਨੰਦ-ਲਾਲ ਸਿੰਘ ਜੀ ਦੀ ਇਸ ਬਾਤ ਚੀਤ ਤੋਂ ਭੀ ਹੁੰਦੀ ਹੈ-

"ਤੀਨ ਰੂਪ ਹੈਂ ਮੋਹਿ ਕੇ
ਸੁਣਹੁ ਨੰਦ ਚਿੱਤ ਲਾਇ,
ਨਿਰਗੁਣ, ਸਰਗੁਣ, ਗੁਰ-ਸਬਦ,
ਕਹੋਂ ਤੋਹਿ ਸਮਝਾਇ।"

ਇਥੇ ਕਲਗੀਧਰ ਜੀ ਨੇ ਇਸ ਸ਼ੰਕੇ ਨੂੰ ਭੀ ਸ਼ਪਸ਼ਟ ਕਰ ਦਿੱਤਾ ਹੈ। ਸ਼ਬਦ-ਧੁਨਿ, ਕਿਸ ਸ਼ਬਦ ਦੀ ਧੁਨਿ ਹੈ ? ਤੀਸਰਾ ਰੂਪ ਜੋ ਉਪਰ ਲਿਖੀ ਵਿਚਾਰ ਅਨੁਸਾਰ ਸ਼ਬਦ-ਧੁਨ ਸੀ, ਉਸ ਨੂੰ ਗੁਰ ਸ਼ਬਦ ਆਖ ਕੇ ਸਾਫ ਕਰ ਦਿੱਤਾ ਹੈ ਕਿ ਇਹ ਸ਼ਬਦ-ਧੁਨਿ, ਗੁਰ-ਸ਼ਬਦ, ਗੁਰ-ਮੰਤ੍ਰ ਜਾਂ ਗੁਰਮਤਿ ਨਾਮ ਦੀ ਧੁਨਿ ਹੈ।

ਇਥੇ ਇੱਕ ਹੋਰ ਸ਼ੰਕਾ ਇਹ ਪੈਦਾ ਹੋ ਸਕਦਾ ਹੈ ਕਿ ੧ਓ ਜਾਂ ਜਾਗਤ ਜੋਤਿ ਅਤੇ ਨਾਮ, ਦੋ ਵੱਖੋ ਵੱਖ ਵਜੂਦ ਹਨ ਜਾਂ ਇੱਕ ਹੀ ਵਜੂਦ ਦੇ ਦੋ ਵੱਖ ਵੱਖ ਨਾਮ ਹਨ। ਭਾਈ ਗੁਰਦਾਸ ਜੀ ਨੇ "ਏਕੰਕਾਰਹੁ ਸਬਦ-ਧੁਨ" ਆਖਿਆ ਹੈ ਤਾਂ ਅਰਥ ਹੋਇਆ, ਏਕੰਕਾਰ ਤੋਂ ਜਾਂ ਇੱਕ ਓਅੰਕਾਰ (੧ਓ) ਵਿਚੋਂ ਪੈਦਾ ਹੋਈ ਸ਼ਬਦ ਦੀ ਧੁਨੀ। ਇਹ ਹਕੀਕਤ ਕੁੱਝ ਇਸ ਤਰ੍ਹਾਂ ਦੀ ਪਰਤੀਤ ਹੁੰਦੀ ਹੈ ਜਿਵੇਂ ਕਿ ਬੱਦਲ ਤੋਂ ਉਸ ਦੀ ਗਰਜ। ਇਥੇ ਇੱਕ ਹੋਰ ਨੁਕਤਾ ਭੀ ਵਿਚਾਰਯੋਗ ਹੈ ਕਿ ਗੁਰਬਾਣੀ ਦਾ ਫੁਰਮਾਨ ਇੱਕ ਪਾਸੇ ਤਾਂ ਇਹ ਹੈ ਕਿ "ਏਕ ਨੂਰ ਤੇ ਸਭੁ ਜਗੁ ਉਪਜਿਆ" ਅਤੇ ਦੂਜੇ ਪਾਸੇ ਇਹ ਭੀ ਹੈ ਕਿ "ਨਾਮ ਕੇ ਧਾਰੇ ਸਗਲੇ ਜੰਤ।। ਨਾਮ ਕੇ ਧਾਰੇ, ਖੰਡ ਬ੍ਰਹਮੰਡ।।" (ਸੁਖਮਨੀ ਸਾਹਿਬ)। ਜੇ ੧ਓ ਤੇ ਨਾਮ ਦੋ ਵੱਖੋ ਵੱਖਰੀਆਂ ਹਸਤੀਆਂ ਜਾਂ ਵਜੂਦ ਮੰਨੀਏ ਤਾਂ ਉਪਰ ਦਿੱਤਾ ਸਗਲੇ ਜੰਤ ਤੇ ਖੰਡ ਬ੍ਰਹਮੰਡ ਦੀ ਉਤਪਤੀ ਨਾਮ ਤੋਂ ਤੇ *ਸਭੁ ਜਗੁ* ਦੀ ਉਤਪਤੀ ਨੂਰ ਜਾਂ ਜਾਗਤ-ਜੋਤਿ ਤੋਂ ਮੰਨੀਏ ਤਾਂ ਗੁਰਬਾਣੀ ਅੰਦਰ ਆਏ, ਉਪਰ ਲਿਖੇ ਦੋਨੋਂ ਵਿਚਾਰ, ਸਵੈ-ਵਿਰੋਧੀ ਲੱਗਦੇ ਹਨ। ਗੁਰਬਾਣੀ ਕਿਸੀ ਇਨਸਾਨ ਦੀ ਰਚਨਾ ਨਹੀਂ ਜੋ ਕੋਈ ਐਸੀ ਗਲਤੀ ਕਰ ਬੈਠੇ। ਗੁਰਬਾਣੀ, ਧੁਰ ਕੀ ਬਾਣੀ ਜਾਂ ਖਸਮ ਕੀ ਬਾਣੀ ਹੋਣ ਦੇ ਨਾਤੇ ਅਤੇ 'ਅਭੁਲੁ ਗੁਰੂ ਕਰਤਾਰੁ" ਦੇ ਕਾਰਨ ਗਲਤ ਨਹੀਂ ਹੋ ਸਕਦੀ ਤਾਂ ਇਸ ਦਾ ਅਰਥ ਇਹ ਹੋਇਆ ਕਿ ੧ਓ ਜਾਂ ਜਾਗਤ-ਜੋਤਿ ਅਤੇ ਨਾਮ ਇੱਕ ਹੀ ਵਜੂਦ ਹੋਇਆ ਜਿਵੇਂ ਬੱਦਲ ਤੇ ਉਸ ਤੋਂ ਪੈਦਾ ਹੋਣ ਵਾਲੀ ਗਰਜ। ਸਾਰੀ ਵਿਚਾਰ ਦਾ ਸਾਰ ਸਿੱਟਾ ਇਹ ਹੋਇਆ ਕਿ ਨਿਰੰਕਾਰ ਦਾ ਬਦਲਵਾਂ ਸਰੂਪ ੧ਓ ਜਾਂ ਜਾਗਤ-ਜੋਤਿ ਅਤੇ ਨਾਮ ਹੈ।

"ਕਹੁ ਕਬੀਰ ਇਹੁ ਰਾਮ ਕੀ ਅੰਸੁ"

(ਪੰਨਾ ੮੭੧)

ਇਸ ਫੁਰਮਾਨ ਅਨੁਸਾਰ ਮੈ ਜਾਂ ਮੇਰੀ ਜੀਵ ਆਤਮਾ ਰਾਮ ਕੀ ਅੰਸ ਹੋਣ ਦੇ ਨਾਤੇ ਇਹ ਵੀ ਜੋਤਿ ਸਰੂਪ ਅਤੇ ਨਾਮ ਸਰੂਪ ਹੈ। ਰਾਮ ਦੇ ਦੋਨੋਂ ਗੁਣ ਜੋਤਿ ਅਤੇ ਨਾਮ ਮੇਰੀ ਆਤਮਾ ਵਿੱਚ ਵੀ ਮੌਜੂਦ ਹਨ ਤੇ ਜੀਵ



www.AKJ.Org

ਆਤਮਾ ਵੀ ਮੇਰੇ ਸਰੀਰ ਵਿੱਚ ਮੌਜੂਦ ਹੈ। ਜੀਵ ਆਤਮਾ ਮੇਰੇ ਸਰੀਰ ਵਿੱਚ ਗੁਪਤ ਹਾਲਤ ਵਿੱਚ ਮੌਜੂਦ ਹੈ ਤਾਂ ਇਸ ਦੇ ਦੋਨੋਂ ਗੁਣ ਜੋਤਿ ਅਤੇ ਨਾਮ ਵੀ ਮੇਰੇ ਸਰੀਰ ਵਿੱਚ ਗੁਪਤ ਹਾਲਤ ਵਿੱਚ ਮੌਜੂਦ ਹਨ ਜਿਵੇ ਕਿ :-

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ।।
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ।। (ਪੰਨਾ ੬੧੭)

ਹਰ ਲੱਕੜੀ ਵਿੱਚ ਅਗਨ ਹੈ, ਸਾਰੇ ਦੁੱਧ ਵਿੱਚ ਘਿਉ ਮੌਜੂਦ ਹੈ ਪਰ ਇਸ ਨੂੰ ਮੱਥਾ ਟੇਕ ਕੇ ਪ੍ਰਗਟ ਕਰਨ ਦੀ ਵੀ ਕੋਈ ਵਿਧੀ ਹੈ, ਕੋਈ ਢੰਗ ਹੈ। ਇਸ ਵਿਧੀ ਨੂੰ ਵਰਤੋਂ ਵਿੱਚ ਲਿਆਂਦੇ ਬਗੈਰ ਅਗਨ ਤੇ ਘਿਉ ਗੁਪਤ ਦੇ ਗੁਪਤ ਹੀ ਰਹਿੰਦੇ ਹਨ, ਪ੍ਰਗਟ ਨਹੀਂ ਹੁੰਦੇ। ਇਸੀ ਤਰ੍ਹਾਂ ਜੋਤਿ ਅਤੇ ਨਾਮ ਸਾਡੇ ਸਰੀਰ ਅੰਦਰ ਗੁਪਤ ਤੌਰ ਤੇ ਮੌਜੂਦ ਹਨ। ਇੰਨ੍ਹਾਂ ਨੂੰ ਪ੍ਰਗਟ ਕਰਨ ਦੀ ਵੀ ਕੋਈ ਵਿਧੀ ਹੈ। ਉਸ ਵਿਧੀ ਨੂੰ ਅਮਲ ਵਿੱਚ ਲਿਆਂਦੇ ਬਗੈਰ ਇਹ ਦੋਨੇ ਗੁਣ ਪ੍ਰਗਟ ਨਹੀਂ ਹੁੰਦੇ।

ਕੁਦਰਤ ਦਾ ਇੱਕ ਨਿਯਮ ਹੈ "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ" (ਪੰਨਾ ੧੪੨੭)। ਸੰਸਾਰ ਦੀ ਹਰ ਸ਼ੈ ਇੱਕ ਚੱਕਰ ਵਿੱਚ ਹਰਕਤ ਕਰ ਰਹੀ ਹੈ। ਚੱਕਰ ਵਿੱਚ ਸਫਰ ਕੀਤਿਆਂ ਇੱਕ ਵਕਤ ਐਸਾ ਆਉਂਦਾ ਹੈ ਜਦੋਂ ਅਸੀਂ ਜਿੱਥੋ ਚੱਲੇ ਸੀ ਉੱਥੇ ਹੀ ਪਹੁੰਚ ਜਾਂਦੇ ਹਾਂ। ਦੁਨੀਆਂ ਦੀ ਹਰ ਸ਼ੈ ਆਪਣੇ ਇਸ ਸਫਰ ਵਿੱਚ ਆਪਣੇ ਸਰੋਤ ਮੰਜ਼ਲ ਜਾਂ ਮੰਮਬੋ ਵੱਲ ਵੱਧ ਰਹੀ ਹੈ। ਇਸ ਦਾ ਸਫਰ ਉਦੋਂ ਸੰਪੂਰਨ ਹੋਣਾ ਹੈ ਜਦੋਂ ਇਹ ਆਪਣੇ ਇਸ ਸਰੋਤ ਤੱਕ ਪਹੁੰਚ, ਮੁੜ ਉਸ ਵਿੱਚ ਲੀਨ ਹੋ ਜਾਵੇਗੀ। ਇਸ ਲੀਨਤਾ ਉਪਰੰਤ ਹੀ "ਮਿਟਿ ਗਏ ਗਵਨ ਪਾਏ ਬਿਸ੍ਰਾਮ" (ਸੁਖਮਨੀ) ਜਾਂ 'ਸੰਪੂਰਨੁ ਥੀਆ ਰਾਮ' (ਪੰਨਾ ੮੪੬) ਦੇ ਫੁਰਮਾਨ ਅਨੁਸਾਰ ਸਫਰ ਸੰਪੂਰਨ ਹੋ ਵਿਸਾਰਮ ਪਰਾਪਤ ਹੋਵੇਗਾ, ਨਹੀਂ ਤਾਂ ਉਦੋਂ ਤੱਕ ਚਲੋ ਚਲ ਹੀ ਰਹੇਗੀ ਭਾਵ ਸੰਪੂਰਨਤਾ ਜਾਂ ਬਿਸਰਾਮ ਪ੍ਰਾਪਤ ਨਹੀਂ ਹੋਵੇਗਾ। ਮੈਂ ਜਾਂ ਜੀਵ-ਆਤਮਾ ਪਰਮ-ਆਤਮਾ ਤੋਂ ਵਿਛੜੀ ਹੋਈ ਹੈ, ਜਦੋਂ ਤੱਕ ਇਹ ਪਰਮ-ਆਤਮਾ ਵਿੱਚ ਲੀਨਤਾ ਪਰਾਪਤ ਨਹੀਂ ਕਰਦੀ ਉਦੋਂ ਤੱਕ ਨਾ ਹੀ ਇਸ ਦਾ ਸਫਰ ਸੰਪੂਰਨ ਹੋਵੇਗਾ ਅਤੇ ਨਾ ਹੀ ਇਸ ਨੂੰ ਬਿਸਰਾਮ ਹੀ ਪ੍ਰਾਪਤ ਹੋਵੇਗਾ।

ਜਿਵੇਂ ਕਿ ਆਪ 'ਸੂਰਾ' ਮਈ ੯੫, ਵਿੱਚ ਛਪੇ ਲੇਖ 'ਖਾਲਸਾ' ਵਿੱਚ ਪੜ੍ਹ ਹੀ ਆਏ ਹੋਵੋਗੇ ਕਿ ਯਹੂਦੀ, ਈਸਾਈ ਤੇ ਇਸਲਾਮ ਮੱਤ, ਮਰਨ ਉਪਰੰਤ ਅਗਲਾ ਜਨਮ ਜਾਂ ਪੁਨਰ ਜਨਮ ਦੇ ਸਿਧਾਂਤ ਨੂੰ ਨਹੀਂ ਮੰਨਦੇ। ਉਨ੍ਹਾਂ ਦੇ ਮੱਤ ਅਨੁਸਾਰ ਕਬਰ ਤੋਂ ਅੱਗੇ ਕੋਈ ਜ਼ਿੰਦਗੀ ਨਹੀਂ ਹੈ। ਇਸ ਲਈ ਇਨ੍ਹਾਂ ਮੱਤਾਂ ਨੇ ਜ਼ਿੰਦਗੀ ਦਾ ਨਿਸ਼ਾਨਾ ਬਹਿਸ਼ਤ ਜਾਂ ਸਵਰਗ ਦੀ ਪ੍ਰਾਪਤੀ ਮਿਥਿਆ ਤੇ ਆਪਣੇ ਆਪਣੇ ਧਰਮਾਂ ਦੇ ਕਰਮ ਕਾਂਡ ਇਸ ਤਰ੍ਹਾਂ ਤੇ ਥਾਪੇ ਕਿ ਉਹ ਬਹਿਸ਼ਤ ਪ੍ਰਾਪਤ ਕਰ ਸਕਣ। ਹਿੰਦੂ ਮੱਤ ਪੁਨਰ ਜਨਮ ਦੇ ਸਿਧਾਂਤ ਨੂੰ ਮੰਨਦਾ ਹੈ ਇਸੀ ਲਈ ਹਿੰਦੂ ਮੱਤ ਨੇ ਚੌਰਾਸੀ ਲੱਖ ਜੂਨਾਂ ਦੇ ਮੁੜ ਮੁੜ ਗੇੜ ਕੱਟਣ ਦੇ ਕਸ਼ਟ ਤੋਂ ਬਚਣ ਲਈ ਅਪਣਾ ਜੀਵਨ ਲਕਸ਼ ਮੁੜ ਮੁੜ ਜਨਮ ਲੈਣ ਤੋਂ ਮੁਕਤੀ ਪ੍ਰਾਪਤ ਕਰਨਾ ਮਿਥਿਆ। ਇਨ੍ਹਾਂ ਵਿੱਚੋਂ ਕਿਸੀ ਭੀ ਮੱਤ ਨੇ "ਜੋਤੀ ਸੰਗਿ ਜੋਤਿ ਸਮਾਨਾ" ਆਪਣਾ ਲਕਸ਼ ਨਹੀਂ ਮਿਥਿਆ। ਸਿਰਫ ਗੁਰੂ ਨਾਨਕ ਦਾ ਮੱਤ ਹੀ ਇੱਕ ਐਸਾ ਮੱਤ ਹੈ ਜਿਸ ਨੇ 'ਚਰਨ ਕਮਲ ਦੀ ਮਉਜ ਮਹਿ ਰਹਉ ਅੰਤਿ ਅਰੁ ਆਦਿ' ਨੂੰ ਆਪਣੀ ਜਿੰਦਗੀ ਦਾ ਨਿਸ਼ਾਨਾ ਬਣਾਇਆ।

ਹਿੰਦੂ ਮੱਤ ਦੀ ਲੋਚ ਬ੍ਰਹਮ ਨੂੰ ਮਿਲਣ ਦੀ ਹੈ ਪਰ ਉਹਨਾਂ ਦੇ ਮੱਤ ਅਨੁਸਾਰ ਉਹ ਜੀਵ-ਆਤਮਾ ਨੂੰ ਬ੍ਰਹਮ ਮੰਨਦੇ ਹਨ। ਜਦੋਂ ਉਹ ਕਿਸੀ ਭੀ ਢੰਗ ਨਾਲ ਆਪਣੀ ਆਤਮਾ ਨੂੰ ਸਾਖਸ਼ਾਤਕਾਰ ਕਰ ਲੈਂਦੇ ਹਨ ਤਾਂ ਇਸ ਨੂੰ ਬ੍ਰਹਮ ਮੰਨ ਇਥੇ ਹੀ ਸੰਤੁਸ਼ਟ ਹੋ ਬੈਠਦੇ ਹਨ। ਸਿੱਖ ਮੱਤ ਅਨੁਸਾਰ ਭੀ ਆਤਮ-ਸਾਖਸ਼ਾਤਕਾਰ ਹੁੰਦਾ ਹੈ ਪਰ ਸਿੱਖ, ਹਿੰਦੂ ਵਾਂਗ ਇਥੇ ਸੰਤੁਸ਼ਟ ਹੋ ਰੁਕ ਨਹੀਂ ਜਾਂਦਾ, ਉਸ ਦਾ ਬ੍ਰਹਮ ਮਿਲਾਪ ਦਾ ਅਗਲਾ ਸਫਰ ਜਾਰੀ ਰਹਿੰਦਾ ਹੈ।

(ਚਲਦਾ)

## ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਅਤੇ ਵਿਦਵਾਨਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਸਾਫ ਸਾਫ ਲਿਖ ਕੇ ਭੇਜਣ। ਫੋਟੋ ਕਾਪੀ / ਕਾਰਬਨ ਕਾਪੀ ਭੇਜਣ ਤੋਂ ਗੁਰੇਜ਼ ਕੀਤਾ ਜਾਵੇ। ਲੇਖਾਂ ਵਿੱਚ ਦਰਜ ਤਾਰੀਖਾਂ, ਸੰਨ, ਹਵਾਲੇ ਅਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਚੰਗੀ ਤਰ੍ਹਾਂ ਸੋਧ ਕੇ ਭੇਜਿਆ ਜਾਵੇ।



www.AKJ.Org

# ਰਖਸ਼ਾ ਬੰਧਨ (ਰੱਖੜੀ) ਤੇ ਖ਼ਾਲਸੇ ਦਾ ਆਦਰਸ਼

(ਸ੍ਰ: ਗੁਰਦਿਆਲ ਸਿੰਘ ਜੀ, ਮੋਹਨ ਨਗਰ, ਅੰਮ੍ਰਿਤਸਰ)

ਰਖਸ਼ਾ ਬੰਧਨ ਦਾ ਤਿਉਹਾਰ ਸਾਰੇ ਭਾਤਰਵਰਸ਼ ਵਿੱਚ ਬੜੇ ਚਾਵਾਂ ਖੁਸ਼ੀਆਂ ਤੇ ਉਤਸ਼ਾਹ ਪੂਰਵਕ ਮਨਾਇਆ ਜਾਂਦਾ ਹੈ। ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀਆਂ ਬੰਨ੍ਹਦੀਆਂ ਹਨ ਤੇ ਭਰਾ ਉਹਨਾਂ ਨੂੰ ਆਪਣੇ ਵਿੱਤ ਅਨੁਸਾਰ ਦੋ ਚਾਰ ਜਾਂ ਪੰਜ ਦਸ ਰੁਪਏ ਜਾਂ ਵਸਤਰ ਦਿੰਦੇ ਹਨ। ਰਿਵਾਜ ਅਨੁਸਾਰ ਜਨਮ-ਅਸ਼ਟਮੀ ਵਾਲੇ ਦਿਨ ਰੱਖੜੀ ਉਤਾਰ ਕੇ ਜਲ ਵਿਚ ਤਾਰ ਦਿੱਤੀ ਜਾਂਦੀ ਹੈ।

ਹਰੇਕ ਸਾਲ ਦੀ ਤਰ੍ਹਾਂ ਐਤਕੀਂ ਦਾਸ ਨੂੰ ਵੀ ਵੱਡੀ ਭੈਣ ਨੇ ਰੱਖੜੀ ਭੇਜੀ, ਪਰੰਤੂ ਮੇਰੇ ਮਨ ਅੰਦਰ ਕੁੱਝ ਵਿਚਾਰ ਪੈਦਾ ਹੋਣੇ ਸ਼ੁਰੂ ਹੋਏ। ਰੱਖੜੀ ਬੰਨ੍ਹਾਂ ਜਾਂ ਨਾਂ ? ਕੀ ਗੁਰਮਤਿ ਅਨੁਸਾਰ ਰੱਖੜੀ ਬੰਨਣੀ ਯੋਗ ਹੈ ਜਾਂ ਨਹੀਂ, ਇਹ ਫੈਸਲਾ ਅਜੇ ਤੱਕ ਨਹੀਂ ਕਰ ਸਕਿਆ ਤੇ ਰੱਖੜੀ ਰਿਵਾਜ ਅਨੁਸਾਰ ਸਵੇਰੇ ਗੁੱਟ ਤੇ ਛੁਹਾ ਕੇ ਰੱਖ ਦਿੱਤੀ। ਪਹਿਲੇ ਦੀ ਤਰ੍ਹਾਂ ਬੰਨ੍ਹ ਕੇ ਬਾਹਰ ਨਹੀਂ ਗਿਆ ਕਿਉਂਕਿ ਵਿਚਾਰ ਅਜੇ ਅੰਦਰ ਚੱਲ ਰਹੇ ਸਨ।

ਪਹਿਲਾਂ ਨਾ ਮੈਂ ਕਦੇ ਇਸ ਬਾਰੇ ਸੋਚਿਆ ਸੀ ਤੇ ਨਾ ਕਦੇ ਕਿਸੇ ਗੁਰਸਿੱਖ ਨੂੰ ਪੁੱਛਿਆ ਸੀ ਕਿ ਰੱਖੜੀ ਬੰਨ੍ਹਣਾ ਗੁਰਮਤਿ ਹੈ ਜਾਂ ਮਨਮਤਿ। ਹੁਣ ਸਤਿਗੁਰੂ ਦੀ ਬਖ਼ਸ਼ੀ ਮਤਿ ਅਨੁਸਾਰ ਜੋ ਫ਼ੈਸਲਾ ਪ੍ਰਾਪਤ ਹੋਇਆ, ਉਹ ਇਹ ਹੈ ਕਿ ਰੱਖੜੀ ਬੰਨ੍ਹਣਾ ਗੁਰਮਤਿ ਨਹੀਂ ਹੈ, ਸਗੋਂ ਇਕ ਲੋਕਿਕ ਰੀਤ ਹੈ। ਸੰਸਾਰ ਅੰਦਰ, ਖਾਸ ਕਰਕੇ ਹਿੰਦੂਆਂ ਅੰਦਰ ਬਹੁਤੇ ਰਿਵਾਜ਼ ਐਸੇ ਪ੍ਰਚਲਤ ਹੋਏ ਹੋਏ ਹਨ ਜਿਨ੍ਹਾਂ ਦਾ ਕੋਈ ਖ਼ਾਸ ਮਨੋਰਥ ਨਹੀਂ ਹੈ। ਦੇਖਾ-ਦੇਖੀ ਰੀਤ ਚੱਲਦੀ ਹੈ ਤੇ ਅੱਗੇ ਉਸ ਦਾ ਬਹੁਤ ਹੀ ਕਰਮ-ਕਾਂਡੀ ਵਿਸਥਾਰ ਹੋ ਜਾਂਦਾ ਹੈ। ਜਿਵੇਂ ਰੱਖੜੀ ਪੁਰਾਤਨ ਸਮੇਂ ਵਿੱਚ ਕੋਈ ਇਸਤ੍ਰੀ ਕਿਸੇ ਪਰਾਏ ਪੁਰਸ਼ ਨੂੰ ਜਦੋਂ ਬੰਨ੍ਹਦੀ ਸੀ, ਉਦੋਂ ਉਸ ਪੁਰਸ਼ ਦੇ ਸਿਰ ਇਹ ਜ਼ਿੰਮੇਵਾਰੀ ਹੋ ਜਾਂਦੀ ਸੀ ਕਿ ਉਸ ਨੇ ਮੱਦਦ ਕਰਨੀ ਹੈ।

ਇਹ ਰਿਵਾਜ਼ ਸਾਧਾਰਨ ਪਰਜਾ ਤੋਂ ਛੁੱਟ ਰਾਜਿਆਂ ਮਹਾਰਾਜਿਆਂ ਵਿੱਚ ਵੀ ਪ੍ਰਚਲਤ ਸੀ। ਪਰੰਤੂ ਅੱਜ ਦੇ ਸਮੇਂ ਵਿੱਚ ਇਸ ਦਾ ਉਹ ਅਰਥ ਭਾਵ ਨਹੀਂ ਰਿਹਾ। ਅੱਜ ਕਲ੍ਹ ਭੈਣਾਂ, ਭਰਾਵਾਂ ਤੋਂ ਇਲਾਵਾ ਤਾਇਆਂ ਚਾਚਿਆਂ ਨੂੰ ਤੇ ਹੋਰ ਵੱਧ ਤੋਂ ਵੱਧ ਰਿਸ਼ਤੇਦਾਰਾਂ ਨੂੰ ਰੱਖੜੀਆਂ ਬੰਨ੍ਹਦੀਆਂ ਹਨ ਤੇ ਮਨੋਰਥ ਕੇਵਲ ਮਾਇਆ ਤੱਕ ਹੀ ਸੀਮਤ ਹੁੰਦਾ ਹੈ।

ਉਂਜ ਭਾਵੇਂ ਸੰਸਾਰੀ ਰੀਤੀ ਅਨੁਸਾਰ ਭੈਣਾਂ ਭਰਾਵਾਂ ਵਿੱਚ ਲੈਣ ਦੇਣ ਬਣਿਆ ਹੈ, ਪਰੰਤੂ ਜੋ ਤਿਉਹਾਰਾਂ ਕਰਕੇ ਹੈ, ਇਸ ਦਾ ਸਹੀ ਅਰਥ-ਭਾਵ ਕੋਈ ਨਹੀਂ ਸਮਝਦਾ ਤੇ ਸਾਰਾ ਜਗਤ ਭੇਡ-ਚਾਲ ਚਲੀ ਜਾ ਰਹੀ ਹੈ।

ਹੁਣ ਇਹ ਵੇਖਣਾ ਹੈ ਕਿ ਇਸ ਤਿਉਹਾਰ ਨੂੰ ਗੁਰਸਿੱਖ ਵੀ ਅਪਣਾਉਣ ਜਾਂ ਨਾਂ। ਗੁਰਮਤਿ ਮਾਰਗ, ਗੁਰਸਿੱਖੀ ਧਰਮ ਇਕ ਅਤਿਅੰਤ ਪਰਮ ਪਵਿੱਤਰ ਧਰਮ ਹੈ। ਕਰਮ-ਕਾਂਡਾਂ, ਫਜ਼ੂਲ ਰਸਮਾਂ-ਰਿਵਾਜਾਂ ਤੇ ਵਹਿਮ-ਭਰਮਾਂ ਤੋਂ ਕੱਢ ਕੇ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਨੇ ਇਹ ਉੱਚ ਆਦਰਸ਼ੀ ਧਰਮ ਸਥਾਪਤ ਕੀਤਾ ਹੈ। ਇਸ ਵਿੱਚ ਕੋਈ ਵੀ ਕਿਰਿਆ-ਕਰਮ ਜਾਂ ਮਰਯਾਦਾ ਸੰਸਾਰੀ ਮਨੋਰਥਾਂ ਲਈ, ਲੋਕਿਕ ਦਿਖਾਵੇ ਖ਼ਾਤਰ, ਪਾਖੰਡ ਦੀ ਖਾਤਰ, ਸ਼ਾਮਲ ਨਹੀਂ ਕੀਤੀ ਜਾ ਸਕਦੀ। ਇਸ ਗੁਰਮਤਿ ਮਾਰਗ ਵਿਚ ਗ੍ਰਿਹਸਤੀ ਹੋਵੇ, ਅਤੀਤ ਹੋਵੇ, ਰਾਜਾ ਹੋਵੇ, ਰੰਕ ਹੋਵੇ, ਧਰਮ ਦੇ ਅਧੀਨ ਚੱਲਦਾ ਹੋਵੇ ਤਾਂ ਸਭੇ ਕਾਰਜ ਕਰਦਿਆਂ ਪਰਵਾਨ ਹੈ। ਧਰਮ ਨੂੰ ਆਪਣੀ ਮਤਿ ਅਧੀਨ ਕਰ ਕੇ ਕੋਈ ਵੀ ਕਰਮ ਕਰਨਾ ਨਿਰੀ ਮਨਮਿਤ ਹੈ। ਗੁਰੂ ਦੇ ਖ਼ਾਲਸੇ ਨੂੰ ਰੱਖੜੀ ਸਦੀਵ ਕਾਲ ਲਈ ਉਦੋਂ ਹੀ ਬੰਨ੍ਹ ਦਿੱਤੀ ਜਾਂਦੀ ਹੈ ਜਦੋਂ ਉਹ ਆਪਣਾ ਤਨ ਮਨ ਧਨ ਸਤਿਗੁਰੂ ਨੂੰ ਅਰਪਨ ਕਰ ਕੇ ਉਨ੍ਹਾਂ ਤੋਂ ਖੰਡੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ। ਉਸ ਨੂੰ ਉਸੇ ਦਿਨ ਤੋਂ ਰਹਿਤ ਮਰਯਾਦਾ ਦੇ ਬੰਧਨ ਵਿੱਚ ਬੰਨ੍ਹਿਆ ਜਾਂਦਾ ਹੈ, ਤਾਂ ਕਿ ਉਹ ਆਪਣੇ ਸੁਭਾਗੀਂ ਪ੍ਰਾਪਤ ਮਨੁੱਖੀ ਜੀਵਨ ਨੂੰ ਕਿਸੇ ਨੇਮ ਵਿੱਚ ਰੱਖ ਕੇ ਚਲਾ ਸਕੇ। ਜਿਸ ਮਨੁੱਖ ਦਾ ਕੋਈ ਨੇਮ ਕਰਮ ਨਹੀਂ, ਉਹ ਖੁੱਲ੍ਹੇ ਵਿਚਰਨ ਵਾਲੇ ਪਸ਼ੂ-ਪੰਛੀਆਂ ਦੀ ਨਿਆਈਂ ਹੈ। ਥਾਂ-ਥਾਂ ਮਾਰ ਝਿੜਕਾਂ ਖਾਣ ਵਾਲੇ ਕੂਕਰਾਂ ਦੀ ਤਰ੍ਹਾਂ ਹੈ। ਉਹ ਬੇਘਰੇ ਮਨੁੱਖ ਵਾਂਗ ਹੈ।

ਖਾਲਸੇ ਨੂੰ ਰਹਿਤ ਬਹਿਤ ਵਿੱਚ ਦਸਿਆ ਜਾਂਦਾ ਹੈ ਕਿ ਅੱਜ ਤੋਂ ਤੂੰ ਰਾਜਾ ਤੇ ਯੋਗੀ ਹੈਂ। ਜਿਵੇਂ ਰਾਜੇ ਦਾ ਫਰਜ਼ ਹੈ ਕਿ ਪਰਜਾ ਦੀ ਰਾਖੀ ਕਰਨਾ ਅਤੇ ਨਿਆਮਰੇ ਗਰੀਬ ਦੁੱਖੀ ਦੀ ਰੱਖਿਆ ਕਰਨਾ, ਇਸੇ ਤਰ੍ਹਾਂ ਤੂੰ ਵੀ ਦੁਸ਼ਟ-ਦਮਨ ਗੁਰੂ ਸ੍ਰੀ ਦਸਮੇਸ਼ ਜੀ ਦਾ ਸਿੰਘ (ਸ਼ੇਰ) ਹੋਣ ਦੇ ਨਾਤੇ ਦੁੱਖੀ ਲੋੜਵੰਦਾਂ ਦੀ ਰਖਵਾਲੀ ਤਨ ਮਨ ਧਨ ਨਾਲ ਕਰਨੀ ਹੈ। ਤੈਨੂੰ ਦੁਸ਼ਟਾਂ ਨੂੰ ਸੰਘਾਰਨ ਲਈ ਸ੍ਰੀ ਸਾਹਿਬ (ਕਿਰਪਾਨ) ਬਖ਼ਸ਼ਿਸ਼ ਕੀਤੀ ਗਈ ਹੈ। ਪਰਦਾ ਢੱਕਣ ਵਾਲੀ ਕੱਛ ਤੈਨੂੰ ਸੀਲ-ਜਤ ਲਈ ਬਖਸ਼ੀ ਹੈ। ਹੱਥ ਨੂੰ ਕੜੇ ਦਾ ਬੰਧਨ ਪਾਇਆ ਹੈ ਸਦਾ ਲਈ ਕਿ ਇਹ ਤੇਰੇ ਹੱਥ ਕਿਸੇ ਦਾ ਬੁਰਾ ਕਰਨ ਲਈ ਨਾ ਉਠਣ, ਇਹਨਾਂ



www.AKJ.Org

ਨਾਲ ਸਦਾ ਪਰਉਪਕਾਰ ਕਮਾਉਣਾ ਹੈ। ਅੱਜ ਤੋਂ ਤੈਨੂੰ ਇਹ ਖਾਸੁਲ-ਖਾਸ ਹਦਾਇਤ ਹੈ ਕਿ 'ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ' (ਭਾਈ ਗੁਰਦਾਸ ਜੀ) ਅਤੇ "ਏਕਾ ਨਾਰੀ ਜਤੀ ਹੋਇ ਪਰ-ਨਾਰੀ ਧੀ ਭੈਣ ਵਖਾਣੈ।" ਅਥਵਾ "ਪਰ -ਬੇਟੀ ਕੋ ਬੇਟੀ ਜਾਨੈ। ਪਰ-ਇਸਤ੍ਰੀ ਕੋ ਮਾਤ ਬਖਾਨੈ। ਅਪਨੀ ਇਸਤ੍ਰੀ ਸੋ ਰਤ ਹੋਈ। ਰਹਿਤਵਾਨ ਗੁਰ ਕਾ ਸਿੱਖ ਸੋਈ।" (ਰਹਿਤਨਾਮਾ ਭਾਈ ਦੇਸਾ ਸਿੰਘ) ਸੋ ਐਸਾ ਆਦਰਸ਼ ਖਾਲਸੇ ਨੂੰ ਮਿਲਿਆ ਹੈ, ਜਿਸ ਨੂੰ ਅੱਠੇ ਪਹਿਰ ਇਸ ਨੇ ਆਪਣੇ ਸਨਮੁੱਖ ਰੱਖਣਾ ਹੈ। ਕੀ ਇਸ ਨੂੰ ਹੁਣ ਹੋਰ ਕਿਸੇ ਕੱਚੇ ਧਾਗੇ ਦੀ ਰੱਖੜੀ ਦੀ ਲੋੜ ਹੈ, ਜਦੋਂ ਕਿ ਏਸ ਨੇ ਆਪਣਾ ਸਿਰ ਗੁਰੂ ਨੂੰ ਅਰਪਨ ਕਰ ਕੇ ਗੁਰਮਤਿ-ਬੰਧੇਜ ਨੂੰ ਅਪਣਾਅ ਲਿਆ ਹੈ ? ਜਦੋਂ ਇਸ ਨੇ ਹਰੇਕ ਇਸਤ੍ਰੀ ਨੂੰ ਉਪਰੋਕਤ ਫੁਰਮਾਨਾਂ ਅਨੁਸਾਰ ਬੇਟੀ ਸਮਾਨ ਜਾਨਣ ਦਾ ਬਚਨ ਦਿੱਤਾ ਹੈ ਤਾਂ ਫਿਰ ਸਾਲ ਮਗਰੋਂ ਜਾਂ ਹੋਰ ਕਿਸੇ ਤਰੀਕੇ ਨਾਲ ਕੌਲ-ਇਕਰਾਰ ਕਰ ਕੇ ਜਾਂ ਰੱਖੜੀ ਬੰਨ੍ਹ ਕੇ ਭੈਣ ਬਣਾਉਣਾ ਕੱਚ ਘਰੜਤਾ ਹੈ, ਗੁਰੂ ਤੋਂ ਬੇਮੁਖਤਾ ਹੈ।

ਗੁਰੂ ਕਾ ਸਿੱਖ ਬਣ ਕੇ ਗੁਰਸਿੱਖ ਨੇ ਆਪਣੇ ਜੀਵਨ ਦਾ ਆਦਰਸ਼, ਗੁਰੂ ਸਰੂਪ ਪੰਚ ਪਰਵਾਣ ਪੰਜਾਂ ਪਿਆਰਿਆਂ ਤੋਂ, ਸ੍ਰੀ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿੱਚ ਹੀ ਦ੍ਰਿੜ੍ਹ ਕਰ ਲਿਆ ਹੁੰਦਾ ਹੈ। ਇਸ ਨੂੰ ਵਿਵਰਜਿਤ ਕਰਮ ਤਥਾ ਧਾਰਨ ਕਰਨ ਯੋਗ ਸਾਰੇ ਕਰਮ ਦੱਸੇ ਜਾਂਦੇ ਹਨ। ਫਿਰ ਆਨ-ਮਤ ਕਰਮਾਂ ਵਿੱਚ ਪਰਵਿਰਤ ਹੋਣਾ ਗੁਰਮਤਿ ਧਰਮ ਤੋਂ ਬੇਮੁਖਤਾਈ ਹੀ ਹੈ। ਪੰਜ-ਕਕਾਰੀ ਰਹਿਤ ਦੀ ਧਾਰਨਾ, ਚਾਰ ਬੱਜਰ ਕੁਰਹਿਤਾਂ ਦਾ ਤਿਆਗ, ਗੁਰ-ਹੁਕਮਾਂ ਦੀ ਪਾਲਣਾ ਗੁਰਸਿੱਖ ਲਈ ਜੀਵਨ ਵਿੱਚ ਇੱਕ ਸੁੰਦਰ ਰੱਖੜੀ ਬੰਨ੍ਹਣਾ ਹੀ ਹੈ। ਹੋਰ ਰੱਖੜੀਆਂ, ਜਨੇਊ ਦੇ ਕੱਚੇ ਧਾਗੇ ਵਾਂਗ ਕੱਚੀਆਂ ਰੱਖੜੀਆਂ ਹਨ। ਹਰੇਕ ਗੁਰਸਿੱਖ ਮਾਈ ਭਾਈ ਦਾ ਆਸਰਾ ਪਰਨਾ ਹਰ ਸਮੇਂ ਗੁਰੂ ਕਰਤਾਰ ਹੀ ਹੈ। ਮਨੁੱਖ ਦੀ ਟੇਕ ਬਿਰਥੀ ਹੈ। ਖਾਲਸਾ ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਦੀ ਓਟ ਹੀ ਰੱਖਣੀ ਚਾਹੀਦੀ ਹੈ।

ਜ਼ੁਲਮ-ਗਰਦੀ ਸਮੇਂ ਜਦੋਂ ਹਜ਼ਾਰਾਂ ਦੀ ਤੇਦਾਦ ਵਿੱਚ ਹਿੰਦੂ ਇਸਤ੍ਰੀਆਂ ਗੱਡਿਆਂ ਵਿੱਚ ਬੰਨ੍ਹ ਕੇ ਮਲੇਛ ਆਪਣੇ ਦੇਸ਼ ਗਜ਼ਨੀ ਨੂੰ ਲੈ ਜਾ ਰਹੇ ਸਨ ਤਾਂ ਖਾਲਸਾ ਜੋ ਓਦੋਂ ਜੰਗਲਾਂ ਦਾ ਵਾਸੀ ਸੀ। ਉਨ੍ਹਾਂ ਅਬਲਾਵਾਂ ਦਾ ਬੰਦੀ ਛੋੜ ਬਣਿਆ। ਹਜ਼ਾਰਾਂ ਰੋਂਦੀਆਂ-ਕੁਰਲਾਂਦੀਆਂ ਅਬਲਾਵਾਂ ਨੂੰ ਦੁਸ਼ਟਾਂ ਜ਼ਾਲਮਾਂ ਦੀ ਬੰਦੀ ਤੋਂ ਛੁੜਾ ਕੇ ਉਨ੍ਹਾਂ ਨੂੰ ਘਰੋਂ ਘਰੀਂ ਪਹੁੰਚਾਇਆ। ਇਤਿਹਾਸ ਵਿੱਚ ਅਜਿਹੇ ਕਈ ਵਾਕਿਆਂ ਦਾ ਜ਼ਿਕਰ ਮਿਲਦਾ ਹੈ। ਕੀ ਖਾਲਸੇ ਨੇ ਉਹਨਾਂ ਭੈਣਾਂ ਤੋਂ ਰੱਖੜੀਆਂ ਬੰਨ੍ਹਾਈਆਂ ਹੋਈਆਂ ਸਨ ? ਨਹੀਂ, ਸਗੋਂ ਖਾਲਸੇ ਦਾ ਆਦਰਸ਼ ਹੈ "ਅਪਨਾ ਬਿਗਾਰਿ ਬਿਰਾਨਾ ਸਾਂਢੈ" ਆਪਣਾ ਆਪ ਗੁਆ ਕੇ ਪਰਉਪਕਾਰ ਕਰਨਾ।

ਅੱਜ ਦਾ ਖਾਲਸਾ ਇਸ ਆਦਰਸ਼ ਨੂੰ ਭੁੱਲ ਗਿਆ ਹੈ। ਪੁਰਾਤਨ ਗੁਰਸਿੱਖਾਂ ਦੇ ਤਪ ਦਾ ਸਿੱਟਾ ਜੋ ਐਸ਼ਵਰਜ ਸਾਨੂੰ ਪ੍ਰਾਪਤ ਹੋਇਆ ਹੈ, ਅਸੀਂ ਉਸ ਐਸ਼ਵਰਜ ਦੇ ਸੁੱਖ ਵਿੱਚ ਫਸ ਕੇ ਆਪਣੀ ਰਹਿਤ ਰਹਿਣੀ ਤੇ ਉਚ-ਆਦਰਸ਼ਾਂ ਨੂੰ ਭੁੱਲ ਬੈਠੇ ਹਾਂ ਤੇ ਸੰਸਾਰ ਦੀਆਂ ਦੂਜੀਆਂ ਕੌਮਾਂ ਵਿੱਚ ਫਿਰ ਮਿਲਗੋਭਾ ਹੁੰਦੇ ਜਾ ਰਹੇ ਹਾਂ। ਕਲਜੁਗ ਆਪਣੀ ਬੜੀ ਤੇਜ਼ ਰਫ਼ਤਾਰ ਵਿੱਚ ਆਪਣੀ ਮਹਾਨ ਸੈਨਾ (ਕਾਮ, ਕ੍ਰੋਧ, ਨਿੰਦਆ, ਚੁਗਲੀ, ਫੁੱਟ, ਝੂਠ, ਆਲਸ ਆਦਿਕ) ਨਾਲ ਮਾਰੋ-ਮਾਰ ਕਰਦਾ ਆਪਣਾ ਪੰਧ ਮੁੱਕਾ ਰਿਹਾ ਹੈ। ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਦੇ ਅਸੀਂ ਸਿੱਖ ਕਹਾਉਣ ਵਾਲੇ ਵੀ ਇਸ ਦੀ ਬੁਰੀ ਤਰ੍ਹਾਂ ਲਪੇਟ ਵਿੱਚ ਆ ਰਹੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਤੇ ਚੱਲਣ ਵਾਲੇ ਖ਼ਾਲਸਾ ਜੀ ਦੇ ਨੇੜੇ ਕਲਜੁਗ ਫਟਕ ਨਹੀਂ ਸਕਦਾ, ਪਰ ਗੁਰੂ ਦੇ ਹੁਕਮਾਂ ਤੋਂ ਵਿੱਛੜ ਕੇ ਅਸੀਂ ਖ਼ਾਲਸਾ ਸਦਾਉਣ ਵਾਲੇ ਅੱਜ ਕਲਜੁਗੀ ਪ੍ਰਭਾਵ ਹੇਠ ਨਿੱਤ ਨਵੇਂ ਰਿਵਾਜਾਂ, ਨਵੇਂ ਫ਼ੈਸਨਾਂ, ਨਵੇਂ ਖਾਣਿਆਂ, ਨਵੀਂ ਵਿਦਿਆ ਅਤੇ ਨਵੇਂ ਵਿਚਾਰਾਂ ਹੇਠ ਰੁੜ੍ਹੇ ਜਾ ਰਹੇ ਹਾਂ।

ਸਾਨੂੰ ਇਸ ਸਮੇਂ ਕੇਵਲ ਗੁਰਮਤਿ ਰਹਿਤ ਅਪਨਾਉਣੀ ਚਾਹੀਦੀ ਹੈ ਅਤੇ ਗੁਰਮਤਿ ਅਨੁਸਾਰ ਪਹਿਰਨਾ ਚਾਹੀਦਾ ਹੈ। ਸਾਨੂੰ ਗੁਰਮਤਿ ਵਿਚਾਰ ਹੀ ਬਚਾ ਸਕਦੇ ਹਨ। ਇਸ ਲਈ ਸਾਨੂੰ ਆਪਣੇ ਰੋਜ਼ਾਨਾ ਜੀਵਨ ਦਾ ਵਿਹਾਰ ਗੁਰਸਿਖਾਂ, ਰਹਿਤਵਾਨ ਬਿਬੇਕੀ ਖ਼ਾਲਸਾ ਜਨਾਂ ਵਾਲਾ ਰੱਖਣਾ ਚਾਹੀਦਾ ਹੈ। ਸ੍ਰੀ ਗੁਰੂ ਦਸਮੇਸ਼ ਜੀ ਦੇ ਅੰਤਮ ਸਮੇਂ ਗੁਰਸਿੱਖਾਂ ਪ੍ਰਤੀ ਇਹ ਉਪਦੇਸ਼ ਸੀ ਕਿ (੧) ਆਰਾਧਨਾ ਅਕਾਲਪੁਰਖ ਕੀ, (੨) ਪੂਜਾ ਸ੍ਰੀ ਗੁਰੂ ਗ੍ਰੰਥ ਜੀ ਕੀ, (੩) ਦੀਦਾਰ ਖ਼ਾਲਸੇ ਦਾ, (੪) ਪਰਚਾ 'ਸ਼ਬਦ' ਦਾ ਭਾਵ ਮਨ ਨੂੰ ਨਾਮ ਬਾਣੀ ਰਾਹੀਂ ਪਰਚਾਉਣਾ, (੫) ਅਮਲ ਪ੍ਰਸ਼ਾਦੇ ਦਾ। ਇਹਨਾਂ ਪੰਜਾਂ ਨੁਕਤਿਆਂ ਵਿੱਚ ਖ਼ਾਲਸੇ ਦਾ ਮਹਾਨ ਆਦਰਸ਼ ਹੈ। ਸੋ ਆਓ ਖ਼ਾਲਸੇ ਜੀ! ਅਸੀਂ ਕਮਰਕਸਾ ਕਰੀਏ ਤੇ ਸਤਿਗੁਰੂ ਜੀ ਦੀ ਓਟ ਲੈ ਕੇ ਪੰਥ ਅੰਦਰ ਘਰ ਕਰ ਰਹੇ ਮਨਮਤੀ ਰਸਮਾਂ ਰਿਵਾਜਾਂ ਨੂੰ ਉਖਾੜ ਕੇ ਰੱਖ ਦੇਈਏ।



www.AKJ.Org

# 1942 ਦਾ ਇਕ ਅਹਿਮ ਪੰਥਕ ਫੈਸਲਾ

(ਗੁਰਦਿਤ ਸਿੰਘ ਗਿਆਨੀ)

ਸੰਨ ੧੯੪੨ (1942) ਵਿੱਚ, ਗੁਰੂ ਨਾਨਕ ਪ੍ਰਕਾਸ਼ ਉਤਸਵ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਨਾਲ, ਦਸਮ ਗ੍ਰੰਥ ਦਾ ਅਖੰਡ ਪਾਠ ਉਨ੍ਹਾਂ ਹੀ ਵਿਧੀਆਂ ਤੇ ਸਨਮਾਨਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਹੋਇਆ। ਦਸਮ ਗ੍ਰੰਥ ਨੂੰ ਓਹੋ ਜਿਹਾ ਸਨਮਾਨ ਅਤੇ ਸਾਰੇ ਤਰੀਕੇ ਓਹੋ ਵਰਤੇ ਗਏ, ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਨ ਸਮੇਂ ਵਰਤੇ ਜਾਂਦੇ ਹਨ।

ਓਸੇ ਵੇਲੇ ਸਿੱਖ ਸੰਗਤਾਂ ਵਿੱਚ ਇਸ ਨਵੀਂ ਸ਼ੁਰੂ ਹੋਈ ਰੀਤ ਬਾਰੇ ਚਰਚਾ ਚਲੀ ਜਿਸਦੀ ਪ੍ਰਤੀਨਿਧਤਾ ਭਾਈ ਵੀਰ ਸਿੰਘ ਜੀ ਦੇ ਅਖਬਾਰ ਖਾਲਸਾ ਸਮਾਚਾਰ ਨੇ ਕੀਤੀ।

ਖਾਲਸਾ ਸਮਾਚਾਰ ਦੇ ਸਫਾ (੩) ਕਾਲਮ (੨), (੧) ਜਨਵਰੀ (੧੯੪੨) ਦੇ ਪਰਚੇ ਵਿੱਚ ਸੂਚਨਾ ਦੇ ਰੂਪ ਵਿੱਚ ਇਉਂ ਖਬਰ ਛਪੀ :-

"ਇਸ ਵਾਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਸਮੇਂ ਖ਼ਾਸ ਗੱਲ ਦੇਖਣ ਵਿੱਚ ਆਈ ਕਿ ਸ੍ਰੀ ਅਕਾਲ ਤਖਤ ਦੇ ਹੇਠਲੇ ਭੋਰੇ ਨਾਲ ਖੁਲ੍ਹੇ ਦਰਵਾਜ਼ੇ ਵਿੱਚ ਅਕਾਲ ਤਖਤ ਦੇ ਹੇਠਲੇ ਦਰਸ਼ਨੀ ਚਬੂਤਰੇ ਉੱਤੇ ਦਸਮ ਗ੍ਰੰਥ ਦਾ ਅਖੰਡ ਪਾਠ ਰੱਖਿਆ ਗਿਆ। ਇਹ ਸ਼ਾਇਦ ਆਪਣੀ ਕਿਸਮ ਦਾ ਪਹਿਲਾ ਮੌਕਾ ਹੈ ਜਦੋਂ ਦਸਮ ਗ੍ਰੰਥ ਦਾ ਅਖੰਡ ਪਾਠ ਏਥੇ ਰੱਖਿਆ ਗਿਆ ਹੈ। ਇਸ ਪਾਠ ਤੇ ਲਿਖੀ ਪੜ੍ਹੀ ਸਿੱਖ ਜਨਤਾ ਵਿੱਚ ਚਰਚਾ ਚੱਲ ਰਹੀ ਹੈ। ਚੰਗਾ ਹੋਵੇ ਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦਸਮ ਗ੍ਰੰਥ ਦੇ ਇਸ ਤਰ੍ਹਾਂ ਦੇ ਪਾਠ ਰੱਖੇ ਜਾਣ ਦੀ ਪੁਰਾਤਨ ਮਰਿਯਾਦਾ ਹੋਣ ਬਾਬਤ ਕੋਈ ਪਤਾ ਦੇਣ ਤਾਂ ਕਿ ਸੰਗਤਾਂ ਵਿੱਚ ਇਹ ਖਿਆਲ ਨਾ ਰਹੇ ਕਿ ਨਵਾਂ ਰਿਵਾਜ ਤੋਰਿਆ ਜਾ ਰਿਹਾ ਹੈ।"

ਖਾਲਸਾ ਸਮਾਚਾਰ ਇਸ ਸੂਚਨਾ ਦੇ ਛਪ ਜਾਣ ਪਿਛੋਂ ਕੁਝ ਚਿਰ ਕੋਈ ਜਵਾਬ ਸ੍ਰੀ ਅਕਾਲ ਤਖਤ ਵਲੋਂ ਨਾ ਮਿਲਣ ਕਰਕੇ, ਖਾਲਸਾ ਸਮਾਚਾਰ ਦੇ 29 (੨੯ ਫਰਵਰੀ) ਦੇ ਪਰਚੇ ਵਿਚ ਮੁੱਖ ਲੇਖ ਦੇ ਉਪਰ, ਹੇਠ ਲਿਖੀਆਂ ਸੁਰਖੀਆਂ ਦੇ ਕੇ, ਇਕ ਲੇਖ ਛਪਿਆ :-

੧. ਕੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਨੂੰ ਇਕੋ ਜਿਹਾ ਸਤਿਕਾਰ ਦਿੱਤਾ ਜਾ ਸਕਦਾ ਹੈ ? ਇਸ ਮੁੱਖ ਲੇਖ ਵਿੱਚ ਪੁੱਛਾਂ ਕੀਤੀਆਂ ਗਈਆਂ ਅਤੇ ਅਕਾਲ ਤਖਤ ਸਾਹਿਬ ਜੀ ਦੀ ਕਾਰਵਾਈ ਨੂੰ ਯੋਗ ਸਿੱਧ ਕਰਨ ਲਈ ਅਧਾਰ ਕੀ ਹਨ ?

"ਕੀ ਦਸਮ ਗ੍ਰੰਥ ਦਾ ਅਖੰਡ ਪਾਠ ਸ੍ਰੀ ਅਕਾਲ ਤਖਤ ਸਾਹਿਬ ਉਤੇ ਕਿਸੇ ਪ੍ਰੇਮੀ ਨੇ ਕਰਵਾਇਆ ? ਕੀ ਇਹ ਠੀਕ ਹੈ ? ਅਖੰਡ ਪਾਠ ਲਈ ਇਹੋ ਰੀਤਾਂ ਸਨਮਾਨ ਤੇ ਤੌਰ ਤਰੀਕੇ ਵਰਤੇ ਗਏ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਲਈ ਵਰਤੇ ਜਾਂਦੇ ਹਨ ?"

ਇਸ ਸੰਬੰਧੀ ਸਿੱਖ ਜਗਤ ਵਿਚ ਚਰਚਾ ਚੱਲ ਪਈ :-

ਕੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਨੂੰ ਇਕੋ ਜਿਹਾ ਸਤਿਕਾਰ ਦਿੱਤਾ ਜਾ ਸਕਦਾ ਹੈ ?

ਉੱਪਰ ਦਿੱਤੀਆਂ ਸੁਰਖੀਆਂ ਦੇ ਕੇ ਖਾਲਸਾ ਸਮਾਚਾਰ ਨੇ ਵਿਸ਼ੇਸ਼ ਮੁੱਖ ਲੇਖ ਲਿਖਿਆ ਤੇ ਪੁੱਛ ਕੀਤੀ ਗਈ,

(੧) ਕੀ ਦਸਮ ਗ੍ਰੰਥ ਸਾਹਿਬ ਦਾ ਅਖੰਡ ਪਾਠ ਇਸ ਤਰ੍ਹਾਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਆਏ ਕਿਸੇ ਗੁਰਦੁਆਰੇ ਵਿੱਚ ਕਦੇ, ਕਿਤੇ ਰੱਖਿਆ ਗਿਆ ? ਜੇ ਰੱਖਿਆ ਗਿਆ ਹੈ ਤਾਂ ਕਿਥੇ ?

(੨) ਕੀ ਦਸਮ ਗ੍ਰੰਥ ਸਾਹਿਬ ਦਾ ਇਸ ਤਰ੍ਹਾਂ ਅਖੰਡ ਪਾਠ ਰੱਖਿਆ ਜਾਣਾ ਸਿੱਖ ਧਰਮ ਦੇ ਅਨੁਸਾਰ ਠੀਕ ਹੈ ?

"ਜੇ ਇਹਨਾਂ ਪ੍ਰਸ਼ਨਾ ਦਾ ਉੱਤਰ ਹਾਂ ਵਿੱਚ ਹੈ ਤਾਂ ਵੇਰਵੇ ਨਾਲ ਇਸ ਉੱਤੇ ਚਾਨਣਾ ਪਾ ਕੇ ਸੰਗਤਾਂ ਦੇ ਸੰਸਿਆਂ ਨੂੰ ਨਵਿਰਤ ਕੀਤਾ ਜਾਵੇ, ਅਤੇ ਜੇ ਅੱਗੇ ਕਦੇ ਇਸ ਤਰ੍ਹਾਂ ਦਾ ਪਾਠ ਨਹੀ ਰੱਖਿਆ ਗਿਆ ਤੇ ਨਾ ਹੀ ਸਿੱਖ ਧਰਮ ਦੇ ਅਸੂਲਾਂ ਦੇ ਅਨੁਕੂਲ ਹੈ ਤਾਂ ਹੁਣ ਇਸ ਨਵੀਂ ਰੀਤੀ ਚਲਾਉਣ ਦਾ ਕੀ ਕਾਰਨ ਹੈ ? ਤੇ ਉਹ ਜਿਹੜੀ ਮਸਲਿਹਤ ਹੈ, ਜਿਸ ਨੂੰ ਮੁੱਖ ਰੱਖ ਕੇ ਇਹ ਨਵਾਂ ਰਿਵਾਜ਼ ਤੋਰਨ ਦਾ ਹੀਆ ਕੀਤਾ ਗਿਆ ਹੈ ?

ਖਾਲਸਾ ਸਮਾਚਾਰ ਨੇ ਇਹਨਾਂ ਪੁੱਛਾਂ ਦਾ ਉੱਤਰ ਸ੍ਰੀ ਅਕਾਲ ਤਖਤ ਤੋਂ ਮੁੜ-ਮੁੜ ਕਈ ਢੰਗਾਂ ਨਾਲ ਮੰਗਿਆ, ਕੋਈ ਜਵਾਬ ਨਾ ਮਿਲਣ ਤੋਂ ੧ ਫੱਗਣ ਨੂੰ ਹੋਰ ਲੇਖ ਲਿਖਿਆ, "ਇਨ੍ਹਾਂ ਪੁੱਛਾਂ ਦਾ ਉੱਤਰ ਹੁਣ ਤੱਕ ਨਹੀਂ ਮਿਲਿਆ, ਪਰ ਪਤਾ ਲੱਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅਕਾਲ ਤਖਤ ਵਲੋਂ ਲਿਖਕੇ ਧਾਰਮਿਕ ਸਲਾਹਕਾਰਾਂ ਦੀ ਰਾਏ ਦਿੱਤੀ ਜਾ ਰਹੀ ਹੈ।

12 ਫਰਵਰੀ ਦੇ ਪਰਚੇ ਵਿੱਚ ਜੋ ਲੇਖ ਅਖਬਾਰ



www.AKJ.Org

ਨੇ ਲਿਖਿਆ ਮਸਲਾ ਅਕਾਲ ਤਖਤ ਸਾਹਿਬ ਵਲੋਂ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ, ਤਾਂ ਜੁ ਸ਼੍ਰੋਮਣੀ ਕਮੇਟੀ ਧਾਰਮਿਕ ਸਲਾਹਕਾਰਾਂ ਦੀ ਰਾਇ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੱਸੇ, ਇੱਕ ਲੇਖ ਰਾਹੀਂ ਧਾਰਮਿਕ ਸਲਾਹਕਾਰਾਂ ਨੂੰ ਫਿਰ ਮਸਲੇ ਦੀ ਜਾਣਕਾਰੀ ਦਿੱਤੀ ਗਈ। ਦਸਮ ਗ੍ਰੰਥ ਦੇ ਅਖੰਡਪਾਠ ਸਮੇਂ ਓਹੋ ਰੀਤਾਂ ਕੀਤੀਆਂ ਗਈਆਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਸਮੇਂ ਕੀਤੀਆਂ ਜਾਂਦੀਆਂ ਹਨ, ਓਵੇਂ ਜਿਵੇਂ ਚੜ੍ਹਾਵੇ ਚੜ੍ਹਦੇ ਰਹੇ, ਮੱਥੇ ਟੇਕੇ ਜਾਂਦੇ ਰਹੇ, ਚੰਦੋਆ ਤਾਣਿਆ ਗਿਆ, ਆਮ ਸੰਗਤਾਂ ਇਹ ਨਹੀਂ ਸਮਝ ਸਕਦੀਆਂ ਸਨ ਕਿ ਸ੍ਰੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਹੈ ਜਾਂ ਦਸਮ ਗ੍ਰੰਥ ਦਾ। (ਖਾਲਸਾ ਸਮਾਚਾਰ ੧ ਫਰਵਰੀ)

ਅੱਗੇ ਚੱਲ ਕੇ ਏਸੇ ਲੇਖ ਵਿੱਚ ਸਪੱਸ਼ਟ ਕੀਤਾ ਹੈ :-

ਦਸਮ ਗ੍ਰੰਥ ਵਿੱਚ ਜੋ ਕੁੱਝ ਹੈ, ਕੀ ਉਹ ਸਾਰੀ ਦੀ ਸਾਰੀ ਗੁਰਬਾਣੀ ਹੈ, ਜਾਂ ਉਸ ਦੇ ਵਿੱਚ ਕੁੱਝ ਸ੍ਰੀ ਦਸਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ ਹੈ ਤੇ ਕੁੱਝ ਇਤਿਹਾਸ ਦੇ ਉਲੱਥੇ ਆਦਿਕ ਹਨ। ਇਹ ਉਲੱਥੇ ਸ੍ਰੀ ਦਸਮੇਸ਼ ਜੀ ਦੇ ਨਿੱਜ ਕੀਤੇ ਹੋਏ ਹਨ ਜਾਂ ਸ੍ਰੀ ਹਜ਼ੂਰ ਦੇ ਹਜ਼ੂਰੀ ਕਵੀਆਂ ਦੇ ਕੀਤੇ ਉਲੱਥੇ ਹਨ ? ਇਹ ਸਵਾਲ ਇਸ ਵੇਲੇ ਵਿਚਾਰ ਗੋਚਰੇ ਨਹੀਂ, ਨਾ ਹੀ ਇਸ ਗੱਲ ਤੇ ਬਹਿਸ ਛੇੜਨ ਦੀ ਲੋੜ ਹੈ ਕਿ ਇਹ ਰਚਨਾ ਇੱਕ ਸੰਚੇ ਵਿੱਚ ਕਿਵੇਂ ਆਈਆਂ ? ਕਿਸ ਲਿਆਂਦੀਆਂ ਹਨ ? ਅੱਜ ਤੋਂ ਪੰਜਾਹ ਸਾਲ ਪਹਿਲਾਂ ਤੱਕ ਸਿੰਘਾਂ ਵਿੱਚ ਇਸ ਗ੍ਰੰਥ ਬਾਰੇ ਕੀ ਖਿਆਲ ਸਨ, ਇਸ ਵੇਲੇ ਜਿਹੜੀ ਵਿਚਾਰ ਵਾਲੀ ਗੱਲ ਹੈ, (ਓ) ਉਹ ਇੰਨੀ ਹੈ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਜੋਤੀ ਜੋਤ ਸਮਾਉਣ ਸਮੇਂ 'ਛਤ੍ਰੁ ਸਿੰਘਾਸਣ ਪ੍ਰਿਥਮੀ ਗੁਰ ਅਰਜਨੁ ਕਉ ਦੇ ਆਇਅਉ' ਉਸੇ ਤਰ੍ਹਾਂ ਦਸਮੇਸ਼ ਜੀ ਨੇ ਤਖ਼ਤ ਛਤ੍ਰ ਤੇ ਚਵਰ ਦਾ ਅਧਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਥਾਪਿਆ, ਉਸ ਦਿਨ ਤੋਂ ਜੋ ਅਦਬ ਸਤਿਕਾਰ ਇਸ ਪਵਿੱਤਰ ਬੀੜ ਨੂੰ ਪ੍ਰਾਪਤ ਹੈ ਉਹ ਕਿਸੇ ਹੋਰ ਬਾਣੀ ਦੇ ਸੰਚੇ ਨੂੰ ਪ੍ਰਾਪਤ ਨਹੀਂ ਹੋ ਸਕਦਾ। ਨਾ ਹੀ ਕਦੇ ਸਿੱਖ ਪੰਥ ਵਿੱਚ ਅਜਿਹਾ ਸਤਿਕਾਰ ਦਿੱਤਾ ਗਿਆ ਹੈ। ਕਿਉਂਕਿ ਜੇ ਕਦੀ ਸ੍ਰੀ ਦਸਮੇਸ਼ ਜੀ ਤੋਂ ਗੁਰਗੱਦੀ ਦੀ ਪ੍ਰਾਪਤੀ ਆਦਿ ਗੁਰੂ ਗ੍ਰੰਥ, ਵਲੋਂ ਆਦਰ ਤੇ ਸਤਿਕਾਰ ਕਿਸੇ ਹੋਰ ਗ੍ਰੰਥ ਨੂੰ ਦਿੱਤਾ ਗਿਆ ਹੈ, ਤਦ ਇਸ ਕਾਰਵਾਈ ਦੇ ਅਰਥ ਆਦਿ ਬੀੜ ਨੂੰ ਮਿਲੀ ਗੁਰਿਆਈ ਦਾ ਮਹੱਤਵ ਘਟਾਉਣਾ ਹੋਵੇਗਾ। ਇਸ ਨੂੰ ਦੂਜੇ ਲਫਜ਼ਾਂ ਵਿੱਚ ਇਉਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦਾ ਅਨਿਨ ਨਿਸਚਾ ਕਮਜ਼ੋਰ ਹੋਵੇਗਾ।

"ਇੰਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਸ ਵੇਲੇ ਸਿੱਖ ਸੰਗਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਦੇ ਜਥੇਦਾਰ ਜਿਨ੍ਹਾਂ ਦੇ ਪ੍ਰਬੰਧ ਵਿੱਚ ਇਹ ਪਾਠ ਹੋਏ ਹਨ ਤੇ ਕੇਂਦਰੀ ਗੁਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘਾਂ ਦੀ ਜ਼ਬਾਨੀ ਹੀ ਸੁਣਨਾ ਚਾਹੁੰਦੀ ਹੈ। ਖਾਲਸਾ ਸਮਾਚਾਰ ਵਲੋਂ ਅੱਗੇ ਚੱਲਕੇ ਡੂੰਘੀ ਤਨਜ਼ ਨਾਲ ਲਿਖਿਆ ਹੈ :-

"ਸ਼੍ਰੋਮਣੀ ਕਮੇਟੀ ਦੇ ਪਿਛਲੇ ਕੁਝ ਦਿਨਾਂ ਦੇ ਰਵਈਏ ਤੋਂ ਇਹ ਗੱਲ ਖੁੱਲੀ ਪ੍ਰਗਟ ਹੋ ਰਹੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੇ ਮਾਮਲੇ ਵਿੱਚ ਕਿਸੇ ਇੱਕ ਸ਼ਕਲ ਵਿੱਚ ਸੋਚਨੀਯ, ਹਾਲਤ ਪੈਦਾ ਕਰ ਦੇਂਦੀ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਦੂਜੇ ਦਰਜੇ ਤੇ ਜ਼ਿੰਮੇਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਹੈ ਜਿਨ੍ਹਾਂ ਦੇ ਪ੍ਰਬੰਧ ਵਿੱਚ ਇਹ ਕੁਝ ਹੋਇਆ। ਤੀਜੇ ਦਰਜੇ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬਾਨ ਦੀ ਹੈ ਜੋ ਇਸ ਵੇਲੇ ਮੁੱਖ ਅਸਥਾਨ ਤੇ ਬੈਠੇ ਪੰਥ ਦੇ ਧਾਰਮਿਕ ਰਸਮੋਂ ਰਿਵਾਜਾਂ ਨੂੰ ਮਰਿਯਾਦਾ ਵਿੱਚ ਮਿਲਾਵਟ ਤੋਂ ਰਹਿਤ ਰੱਖਣ ਦੇ ਹਰ ਤਰ੍ਹਾਂ ਜ਼ਿੰਮੇਵਾਰ ਹਨ।"

ਫਰਵਰੀ ਦੇ ਪਰਚੇ ਵਿੱਚ ਅਸਾਂ ਖਿਆਲ ਪ੍ਰਗਟ ਕੀਤੇ ਸਨ, ਹੁਣ ਖਬਰ ਮਿਲੀ ਹੈ ਕਿ ਦਸਮ ਗ੍ਰੰਥ ਦੇ ਅਖੰਡ ਪਾਠ ਰੱਖੇ ਜਾਣ ਵਿਰੁੱਧ ਸ੍ਰੀ ਮਾਨ ਸਿੰਘ ਸਾਹਿਬ, ਭਾਈ ਅੱਛਰ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਆਵਾਜ਼ ਉਠਾਈ ਹੈ। ਜਿਸ ਤੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਇਹ ਮਾਮਲਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸ ਭੇਜ ਕੇ ਮੰਗ ਕੀਤੀ ਹੈ ਕਿ ਉਹ ਆਪਣੇ ਧਾਰਮਿਕ ਸਲਾਹਕਾਰਾਂ ਪਾਸੋਂ ਇਸ ਵਿਸ਼ੇ ਤੇ ਰਾਏ ਲਵੇ (ਫਰਵਰੀ ੧੨)

੧੨ ਫਰਵਰੀ ਦੇ ਮੁੱਖ ਲੇਖ ਵਿੱਚ, ਫਿਰ ਧਿਆਨ ਇਸ ਪਾਸੇ ਖਿੱਚਿਆ ਹੈ, ਕਿ ਇਹ ਅਖੰਡ ਪਾਠ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਆਪ ਰੱਖੇ ਗਏ ਜਾਂ ਕਿਸੇ ਨੇ ਰਖਵਾਏ ? ਕਿਉਂ ਰੱਖੇ ਜਾਂ ਰਖਵਾਏ ? ਅਰਥਾਤ ਕਿਸੇ ਨੇ ਦਿਲੀ ਸ਼ਰਧਾ ਪ੍ਰੇਮ ਭਾਵ ਨਾਲ ਰੱਖੇ ਜਾਂ ਰੱਖਾਏ ? ਜਾਂ ਹੋਰ ਕਿਸੇ ਖਿਆਲਾਂ ਨੂੰ ਮੁੱਖ ਰੱਖ ਕੇ ਰੱਖਾਏ ਤੇ ਸ੍ਰੀ ਅਕਾਲ ਤਖਤ ਦੇ ਸੇਵਾਦਾਰਾਂ ਦੇ ਅਭੋਲ ਹੀ ਪਾਠ ਰੱਖੇ ਜਾਣ ਦੀ ਆਗਿਆ ਦੇ ਦਿੱਤੀ ਹੈ, ਜਾਂ ਕਿਸੇ ਅੰਦਰ ਬਾਹਰ ਦੇ ਦਬਾਓ ਕਾਰਨ ਇਹ ਆਗਿਆ ਦੇਣ ਲਈ ਮਜਬੂਰ ਕੀਤਾ ਹੈ ? ਇਹਨਾਂ ਪ੍ਰਸ਼ਨਾਂ ਦੇ ਉੱਤਰਾਂ ਤੇ ਵੀ ਅਜੇ ਵਿਚਾਰ ਦੀ ਲੋੜ ਨਹੀਂ। ਵੀਚਾਰ ਗੋਚਰ ਗੱਲ ਇੰਨੀ ਹੈ ਕਿ ਜੋ ਕੁੱਝ ਕੀਤਾ ਗਿਆ ਹੈ, ਉਸ ਦਾ ਅਸਰ ਕੀ ਪਵੇਗਾ


www.AKJ.Org

ਤੇ ਇਸ ਤੋਂ ਨਤੀਜੇ ਕੀ ਨਿਕਲਣਗੇ ?

ਇਸ ਬਾਰੇ ਧਾਰਮਿਕ ਸਲਾਹਕਾਰਾਂ ਦੀ ਰਾਏ ਲੈਣ ਦੀ ਲੋੜ ਹੈ, ਦਸਮ ਗ੍ਰੰਥ ਦਾ ਪਾਠ ਇਸ ਤਰ੍ਹਾਂ ਦੇ ਸਨਮਾਨਾਂ ਨਾਲ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਬਲਕਿ ਸ੍ਰੀ ਅਕਾਲ ਤਖਤ ਉੱਤੇ ਪਹਿਲੀ ਵਾਰ ਹੀ ਹੋਇਆ ਹੈ। (ਸਫਾ ੨ ਕਾਲਮ ੧ ਫਰਵਰੀ ੧੨, ੧੯੪੨)

੧੨ ਜੇਠ, ਮਈ ੧੪, ੧੯੪੨ ਦੇ ਪਰਚੇ ਦੇ ਪਹਿਲੇ ਦੋ ਕਾਲਮਾਂ ਵਿਚ ਮੋਟੀਆਂ ਸੁਰਖੀਆਂ ਦੇ ਕੇ ਧਾਰਮਿਕ ਸਲਾਹਕਾਰ ਕਮੇਟੀ ਦੀ ਰਿਪੋਰਟ ਛਾਪਣ ਸਮੇਂ ਇਉਂ ਪ੍ਰਸੰਨਤਾ ਪ੍ਰਗਟ ਕੀਤੀ ਹੈ :-

ਖਾਲਸਾ ਸਮਾਚਾਰ ਦਾ ਪ੍ਰਗਟਾਇਆ ਅਸੂਲ ਤਸਲੀਮ ਕਰ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਾਨ ਆਦਰ ਹੋਰ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ।

ਮੁੱਖ ਲੇਖ ਵਿੱਚ ਧਾਰਮਿਕ ਸਲਾਹਕਾਰ ਕਮੇਟੀ ਦੇ ਐਲਾਨ ਦੀ ਰਿਪੋਰਟ ਛਾਪੀ ਹੈ, ਰਿਪੋਰਟ ਦਾ ਮੂਲ ਭਾਵ ਗਿਆਨੀ ਸ਼ੇਰ ਸਿੰਘ ਜੀ ਦੇ 4 (੪) ਮਈ ਦੇ 'ਪੰਜਾਬ' ਅਖਬਾਰ ਵਿੱਚੋਂ ਲਿਆ ਦੱਸਿਆ ਹੈ। ਧਾਰਮਿਕ ਸਲਾਹਕਾਰ ਕਮੇਟੀ ਦੇ ਜੋ ਮੈਂਬਰ ਹਾਜ਼ਰ ਨਹੀਂ ਸਨ, ਪਿਛਲੇ ਪਰਚਿਆਂ ਵਿੱਚ ਉਹਨਾਂ ਵਲੋਂ ਇਸ ਫੈਸਲੇ ਨਾਲ ਸੰਮਤੀ ਪ੍ਰਗਟਾਈ ਗਈ। ਉਹ ਮੈਂਬਰ ਸਨ, ਬਾਵਾ ਹਰਕ੍ਰਿਸ਼ਨ ਸਿੰਘ, ਮਹੰਤ ਮੂਲ ਸਿੰਘ ਹੈਡ ਗ੍ਰੰਥੀ, ਹਰਿਮੰਦਰ ਸਾਹਿਬ, ਪ੍ਰਿੰਸੀਪਲ ਜੋਧ ਸਿੰਘ। ਖਾਲਸਾ ਸਮਾਚਾਰ ਨੇ ਧਾਰਮਿਕ ਸਲਾਹਕਾਰਾਂ ਦੀ ਰਾਏ, ਅੱਗੇ ਦਿੱਤੀ ਸੰਪਾਦਕੀ ਲੇਖ ਦਾ ਅੰਤਲਾ ਭਾਗ ਬਣਾ ਕੇ ਦਿੱਤੀ ਗਈ ਹੈ।

ਖ਼ਾਲਸਾ ਸਮਾਚਾਰ ਦਾ ਪ੍ਰਗਟਾਇਆ ਅਸੂਲ ਤਸਲੀਮ ਕਰ ਲਿਆ :-

ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਦਿਨੀ ਸ੍ਰੀ ਅਕਾਲ ਤਖਤ ਸਾਹਿਬ ਦਸਮ ਗ੍ਰੰਥ ਦੇ ਦੋ ਅਖੰਡ ਪਾਠ ਰੱਖੇ ਗਏ ਸਨ ਤੇ ਉਸੇ ਅਦਬ ਤੇ ਸਤਿਕਾਰ ਨਾਲ ਰੱਖੇ ਗਏ ਸਨ, ਜਿਸ ਰੀਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਜਾਂਦੇ ਹਨ। *'ਖ਼ਾਲਸਾ ਸਮਾਚਾਰ'* ਨੇ ਇਸ ਤੇ ਦੋ ਮੁੱਖ ਲੇਖ ਲਿਖ ਕੇ ਪੁੱਛ ਕੀਤੀ ਸੀ, ਜਿਸ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਜਿਆ ਤੇ ਉਨ੍ਹਾਂ ਨੇ ਆਪਣੀ ਧਾਰਮਿਕ ਸਬ ਕਮੇਟੀ ਦੇ ਸਪੁਰਦ ਕੀਤਾ। ਗਿਆਨੀ ਸ਼ੇਰ ਸਿੰਘ (ਜੋ ਧਾਰਮਿਕ ਸਬ ਕਮੇਟੀ ਦੇ ਮੈਂਬਰ ਹਨ) ਨੇ ਆਪਣੇ ਅਖਬਾਰ *'ਪੰਜਾਬ'* ਵਿੱਚ ਲਿਖਦੇ ਹਨ :-

4 ਮਈ ਨੂੰ ਧਾਰਮਿਕ ਸਬ ਕਮੇਟੀ ਦੀ ਮੀਟਿੰਗ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਵਿੱਚ ਹੋਈ, ਸੱਤਾਂ ਵਿੱਚੋਂ ਚਾਰ ਮੈਂਬਰ-ਸ੍ਰੀ ਮਾਨ ਗਿਆਨੀ ਸ਼ੇਰ ਸਿੰਘ, ਸਿੰਘ ਸਾਹਿਬ ਮੋਹਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰੋ: ਤੇਜਾ ਸਿੰਘ ਤੇ ਪ੍ਰੋ: ਗੰਗਾ ਸਿੰਘ ਹਾਜ਼ਰ ਸਨ। ਫੈਸਲਾ ਹੋਇਆ ਕਿ ਦਸਮ ਗ੍ਰੰਥ ਦਾ ਅਖੰਡ, ਸਾਧਾਰਨ ਜਾਂ ਸਪਤਾਹਿਕ ਆਦਿ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਰ੍ਹਾਂ ਕਿਤੇ ਨਾ ਕੀਤਾ ਜਾਵੇ। ਹਾਂ ਵਿਚਾਰ ਦੇ ਤੌਰ ਪਰ ਇਸ ਦਾ ਪੜ੍ਹਨਾ ਸੁਣਨਾ ਲਾਭਦਾਇਕ ਹੋਵੇਗਾ।

ਅੱਗੇ ਕਿਹਾ ਹੈ, ਇਸ ਤਰ੍ਹਾਂ ਦੇ ਜ਼ਰੂਰੀ ਪੰਥਕ ਮਾਮਲੇ ਦਾ ਫੈਸਲਾ ਕਰ ਕੇ ਉਸ ਦੇ ਅੰਦਰ ਰੱਖ ਛੱਡਣ ਦਾ ਤਾਂ ਕੋਈ ਲਾਭ ਨਹੀਂ, ਇਸ ਦੀ ਵਧੀਕ ਤੋਂ ਵਧੀਕ ਇਸ਼ਾਇਤ ਦੀ ਜ਼ਰੂਰਤ ਹੈ ਤਾਂ ਕਿ ਸਾਰਾ ਪੰਥ ਇਸ ਤੋਂ ਜਾਣੂ ਹੋ ਜਾਏ ਤੇ ਆਪਣੀ ਵਰਤੋਂ ਇਸ ਅੰਨੁਸਾਰ ਬਣਾਏ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਫੈਸਲੇ ਦੀਆਂ ਕਾਪੀਆਂ ਸਾਰੇ ਗੁਰਦੁਆਰਿਆਂ ਤੇ ਪੰਥਕ ਅਖਬਾਰਾ ਨੂੰ ਭੇਜੇ।

*'ਪੰਜਾਬ'* ਲਿਖਦਾ ਹੈ ਕਿ ਇਸ ਕਮੇਟੀ ਵਿੱਚ ਇਹ ਭੀ ਫੈਸਲਾ ਹੋਇਆ ਕਿ ਸੰਪਟ ਪਾਠ ਕਰਨਾ ਮਨਮਤ ਹੈ। ਸ੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਵਿੱਚ ਪੇਸ਼ ਹੋਇਆ ਮਤਾ ਦਸਾਂ ਗੁਰੂ ਸਾਹਿਬਾਨ ਤੋਂ ਵੱਧ ਕਿਸੇ ਪ੍ਰਾਣੀ ਨੂੰ ਗਿਆਰਵਾਂ, ਬਾਰ੍ਹਵਾਂ ਪਾਤਸ਼ਾਹ ਮੰਨਣ ਵਾਲਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਸਮ ਪਾਤਸ਼ਾਹ ਤੋਂ ਪਿਛੋਂ ਗੱਦੀ ਤੋਂ ਇਨਕਾਰ ਕਰਨ ਵਾਲੇ, ਕ੍ਰਿਪਾਨ ਨੂੰ ਸਿੱਖ ਰਹਿਤ ਦਾ ਅੰਗ ਨਾ ਮੰਨਣ ਵਾਲਾ ਤੇ ਜਾਣ ਬੁੱਝ ਕੇ ਬਾਣੀ ਬਦਲ ਕੇ ਕਿਸੇ ਬਜ਼ੁਰਗਾਂ ਦਾ ਨਾਮ ਲੈਣ ਵਾਲੇ ਨੂੰ ਸਿੱਖੀ ਤੋਂ ਬਾਹਰ ਸਮਝਿਆ ਜਾਵੇ। ਧਾਰਮਿਕ ਕਮੇਟੀ ਵਿੱਚ ਉਸ ਬਾਰੇ ਫੈਸਲਾ ਹੋਇਆ ਕਿ 29 ਜੂਨ ਨੂੰ ਮੁੜ ਧਾਰਮਿਕ ਕਮੇਟੀ ਦਾ ਸਮਾਗਮ ਹੋਵੇ, ਸਾਰੇ ਮੈਂਬਰਾਂ ਦੇ ਹਾਜ਼ਰ ਹੋਣ ਪੁਰ ਜ਼ੋਰ ਦਿੱਤਾ ਜਾਵੇ। ਨਾਮਧਾਰੀਆਂ ਦੇ ਪ੍ਰਤੀਨਿੱਧ, ਮਤਾ ਪੇਸ਼ ਕਰਨ ਵਾਲੇ ਸ੍ਰ: ਅਮਰ ਸਿੰਘ ਲਾਹੌਰ ਨੂੰ ਸੱਦਿਆ ਜਾਵੇ। ਦੋਹਾਂ ਤੋਂ ਸਹੀ ਹਾਲਤ ਤੇ ਦਲੀਲਾਂ ਪੁੱਛੀਆਂ ਜਾਣ, ਫਿਰ ਧਾਰਮਿਕ ਕਮੇਟੀ ਵਿੱਚ ਫੈਸਲਾ ਹੋਵੇਗਾ।

ਉਪਰਲੀ ਚਰਚਾ ਤੋਂ ਸਪਸ਼ਟ ਹੈ ਕਿ ਉਸ ਵੇਲੇ ਇਹ ਫੈਸਲਾ ਪੰਥਕ ਨੇਂਬੀਅਤ ਦਾ ਹੋ ਨਿਬੜਿਆ ਸੀ, ਕਿਉਂਕਿ ਧਾਰਮਿਕ ਸਲਾਹਕਾਰਾਂ ਤੋਂ ਇਲਾਵਾ ਦੂਜੀ ਧਿਰ ਦੇ ਜ਼ਿੰਮੇਂਵਾਰਾਂ ਵਲੋਂ ਉਠਾਇਆ ਗਿਆ ਸਵਾਲ ਹੋਣ ਕਾਰਨ, ਉਹ ਭੀ ਭਾਈ ਵੀਰ ਸਿੰਘ ਦੇ ਅਖਬਾਰ ਵਲੋਂ, ਵਿਸ਼ੇ ਦੀ ਚਰਚਾ ਵਿਸ਼ੇਸ਼ ਧਿਆਨ ਯੋਗ ਬਣ ਗਈ ਸੀ। ਅਸੀਂ ਇਸ ਪੰਥਕ ਫੈਸਲੇ ਦਾ ਸੰਖੇਪ ਸਾਰ ਇਸ ਲਈ ਦੇ ਰਹੇ ਹਾਂ, ਤਾਂ ਜੁ ਵਰਤਮਾਨ ਕਾਲ ਦੀ ਪ੍ਰਬੰਧਕ ਅਤੇ ਧਾਰਮਿਕ ਮੁੱਖੀ, ਉਹ ਪਹਿਲੀ ਅਚਾਰ-



www.AKJ.Org

ਸੰਘਤਾ ਤੇ ਤਰੀਕਿਆਂ ਤੋਂ ਜਾਣੂ ਹੋ ਜਾਣ ਕਿ ਧਾਰਮਿਕ ਸਲਾਹਕਾਰ ਕਮੇਟੀ ਦਾ ਕੀ ਮਹੱਤਵ ਸੀ, ਸ੍ਰੀ ਅਕਾਲ ਤਖਤ ਸਾਹਿਬ ਨੇ ਅਜਿਹੇ ਮਸਲੇ ਨਜਿੱਠਣ ਲਈ ਕਾਰਜਵਿਧੀ ਕੀ ਹੋਣੀ ਸੀ।

ਸ੍ਰੀ ਅਕਾਲ ਤਖਤ ਤੇ ਮਸਲਾ ਪੈਦਾ ਹੋਇਆ, ਚਰਚਾ ਛਿੜਨ ਤੋਂ ਸ਼੍ਰੋਮਣੀ ਕਮੇਟੀ ਨੂੰ ਅਕਾਲ ਤਖਤ ਵਲੋਂ ਭੇਜਿਆ ਗਿਆ। ਸ਼੍ਰੋਮਣੀ ਕਮੇਟੀ ਰਾਹੀਂ ਧਾਰਮਿਕ ਸਲਾਹਕਾਰਾਂ ਦੀ ਮੀਟਿੰਗ ਤੋਂ ਰਾਏ ਪ੍ਰਾਪਤ ਕੀਤੀ ਜਿਸ ਨੂੰ ਅਕਾਲ ਤਖਤ ਵਲੋਂ ਪ੍ਰਵਾਨ ਕੀਤਾ ਗਿਆ। ਸਪੱਸ਼ਟ ਹੈ ਅਜਿਹੇ ਮਸਲਿਆਂ ਸਮੇਂ ਸ਼੍ਰੋਮਣੀ ਕਮੇਟੀ ਹਰ ਮਸਲੇ ਵਿੱਚ ਮੁੱਖ ਧੁਰਾ ਰਹੀ ਹੈ, ਪੰਚ ਖਾਲਸਾ ਦੀਵਾਨ, ਭਸੌੜ ਦੇ ਮਸਲੇ ਅਤੇ ਨਾਮਧਾਰੀਆਂ ਦੇ ਪੱਤਰਾ ਪਾਠ ਆਦਿ ਤੇ ਵੀ ਏਵੇਂ ਹੀ ਹੋਇਆ ਸੀ।

1629 ਵਿੱਚ ਗੁ: ਐਕਟ ਲਾਗੂ ਹੋਣ ਤੋਂ ਸ਼੍ਰੋਮਣੀ ਕਮੇਟੀ ਦੀ ਪਹਿਲੀ ਚੋਣ ਗਜ਼ਟ ਹੋਈ, ਉਸ ਵਿੱਚ ਬਾਬਾ ਖੜ੍ਹਕ ਸਿੰਘ ਜੀ, ਪ੍ਰਧਾਨ ਦੇ ਜੇਲ੍ਹ ਵਿੱਚ ਹੋਣ ਕਾਰਨ, ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਐਡੀਟਰ *'ਅਕਾਲੀ'* ਪ੍ਰਧਾਨ ਅਤੇ ਗਿਆਨੀ ਸ਼ੇਰ ਸਿੰਘ ਐਡੀਟਰ 'ਸਿੱਖ ਸੇਵਕ', ਮੈਂਬਰ ਇੰਚਾਰਜ ਧਰਮ ਪ੍ਰਚਾਰ ਦਾ ਨੋਟੀਫਿਕੇਸ਼ਨ ਹੋਇਆ। ਗਿਆਨੀ ਸ਼ੇਰ ਸਿੰਘ ਮਤਭੇਦਾਂ ਦੇ ਹੁੰਦਿਆਂ ਵੀ ਧਰਮ ਪ੍ਰਚਾਰ ਕਮੇਟੀ ਦੇ ਮੁੱਖੀ ਰਹੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵੀ ਸੰਸਥਾਪਕ ਤੇ ਕਾਲਜ ਦੇ ਇੰਚਾਰਜ ਸਨ। ਇਹ ਕਾਲਜ ਸ੍ਰੀ ਨਨਕਾਣਾ ਸਾਹਿਬ ਕਮੇਟੀ ਵਲੋਂ ਓਥੇ ਹੋਏ ਸ਼ਹੀਦਾਂ ਦੀ ਯਾਦ ਵਿੱਚ ਸ੍ਰ: ਬ: ਮਹਿਤਾਬ ਸਿੰਘ ਜੀ ਦੇ ਉੱਦਮ ਨਾਲ ਸਥਾਪਤ ਹੋਇਆ ਸੀ। ਆਰੰਭ ਵਿੱਚ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰ ਉਹ ਲਏ ਗਏ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਵਿੱਚ ਵੱਖੋ ਵੱਖਰੇ ਪੱਖਾਂ ਤੋਂ ਵਿਸ਼ੇਸ਼ ਸੇਵਾ ਕੀਤੀ ਸੀ।

ਵਿਚਾਰ ਦਰ ਸਿੱਟਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਨਤਾ ਕਿਸੇ ਹੋਰ ਨੂੰ ਕਿਸੇ ਰੂਪ ਵਿੱਚ ਨਹੀਂ ਦਿੱਤੀ ਜਾ ਸਕਦੀ। ਦਸਮ ਗ੍ਰੰਥ ਦੇ ਅਖੰਡ ਪਾਠ ਕਿਤੇ ਵੀ ਨਾ ਕੀਤੇ ਜਾਣ ਦਾ ਫੈਸਲਾ ਹੋਇਆ ਸੀ।

## ਸੰਗਤ

(ਇੱਕ ਬੀਬੀ)

ਗੁਰਦਵਾਰਾ ਸਾਹਿਬ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਢੇਰੀ ਹੁੰਦਿਆਂ ਹੀ ਉਸਦੇ ਹੰਝੂਆਂ ਦਾ ਕੜ ਪਾਟ ਗਿਆ। ਚੁੰਨੀ ਦੇ ਪੱਲੇ ਨਾਲ ਹੰਝੂਆਂ ਦੀਆਂ ਲੜੀਆਂ ਲਕਾਉਂਦੀ ਹੋਈ ਉਹ ਸਤਿਗੁਰਾਂ ਦੇ ਚਰਨਾਂ ਵਿਚੋਂ ਉਠ ਕੇ ਸੰਗਤ ਵਿੱਚ ਜਾ ਬੈਠੀ।

ਕੀਰਤਨ ਦੀ ਸਮਾਪਤੀ ਪਿਛੋਂ ਇੱਕ ਗੁਰਮੁੱਖ ਜੀਊੜੇ ਨੇ ਬੀਬੀ ਕੋਲੋਂ ਇਸ ਤਰ੍ਹਾਂ ਬੇਕਾਬੂ ਹੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਕੁੱਝ ਮਜ਼ਬੂਰੀਆਂ ਕਾਰਨ ਉਸਨੂੰ ਗੁਰੂ ਦੀ ਸੰਗਤ ਵਿਚ ਜਾਣ ਦਾ ਮੌਕਾ ਬੜੀ ਮੁਸ਼ਕਿਲ ਨਾਲ ਮਿਲਦਾ ਹੈ। ਇਸੇ ਕਰਕੇ ਉਹ ਸੰਗਤ ਦੇ ਚਰਨਾਂ ਦੀ ਧੂੜੀ ਮੱਥੇ ਉੱਤੇ ਲਗਾਉਣ ਲਈ ਤਰਸਦੀ ਰਹਿੰਦੀ ਹੈ। ਬੀਬੀ ਦੀਆਂ ਮਜ਼ਬੂਰੀਆਂ ਉੱਤੇ ਝਾਤ ਮਾਰਨ ਪਿਛੋਂ ਉਸ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਲਿਖਣ ਵਾਲੇ ਗੁਰੂਆਂ ਅਤੇ ਭਗਤਾਂ ਦੇ ਨਾਮ ਉਂਗਲੀਆਂ ਉਤੇ ਗਿਣਦਿਆਂ ਕਿਹਾ, "ਬੀਬੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਤੂੰ ਇਹਨਾਂ ਸਾਰਿਆਂ ਦੀ ਸੰਗਤ ਮਾਣ ਸਕਦੀ ਹੈਂ। ਤੂੰ ਆਪਣੇ ਘਰ ਵਿੱਚ ਹੀ ਭੈ ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਤੇ ਫਿਰ ਬਾਣੀ ਰਾਹੀਂ ਇਹਨਾਂ ਸਾਰੇ ਗੁਰੂਆਂ ਤੇ ਭਗਤਾਂ ਦੀ ਸੰਗਤ ਦਾ ਅਨੰਦ ਮਾਣਦੀ ਰਹੁ੍ਰੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਉਤੋਂ ਤੈਨੂੰ ਇਨ੍ਹਾਂ ਸਾਰੀਆਂ ਉੱਚੀਆਂ ਸੁੱਚੀਆਂ ਸ਼ਖਸੀਅਤਾਂ ਦੀ ਸੰਗਤ ਮਿਲੇਗੀ। ਇਹ ਮਹਾਨ ਹਸਤੀਆਂ ਬਾਣੀ ਦੀ ਸੰਗਤ ਰਾਹੀਂ ਤੈਨੂੰ ਓਅੰਕਾਰ ਦੇ ਦੇਸ਼ ਪਹੁੰਚਾ ਕੇ ਪ੍ਰਕਾਸ਼, ਅਨਹਦ ਧੁਨ ਅਤੇ ਦਸਮ ਦੁਆਰ ਦੇ ਰਸ ਦੇ ਸਾਗਰਾਂ ਵਿਚ ਡੋਬੇ ਦੁਆਉਣਗੀਆਂ। ਕਦੀਂ ਖੰਡਾਂ ਬ੍ਰਹਮੰਡਾਂ ਦੀ ਸੈਰ ਕਰਵਾਉਣਗੀਆਂ। ਕਦੀਂ ਵੈਰਾਗ ਦੇ ਹੁੰਝਆਂ ਨਾਲ ਅੰਤਰ-ਗਤ ਤੀਰਥ ਵਿਚ ਮਲ ਮਲ ਨੁਹਾ ਕੇ ਤੇਰੇ ਜਨਮਾਂ ਜਨਮਾਂ ਦੀ ਮੈਲ ਧੋ ਸੁੱਟਣਗੀਆਂ। ਕਦੀਂ ਪਉਣ, ਪਾਣੀ, ਬੈਸੰਤਰ ਨੂੰ ਅਕਾਲ ਪੁਰਖ ਦੀ ਉਸਤਤੀ ਵਿਚ ਗੀਤ ਗਾਉਂਦਿਆਂ ਦਿਖਾਉਣਗੀਆਂ। ਧਰਮ ਰਾਜ ਦੇ ਦੁਆਰ ਦਾ ਦ੍ਰਿਸ਼ ਵੀ ਦਿਖਾਉਣਗੀਆਂ ਤੇ ਕਦੀ ਸੱਚ ਦੀ ਗੰਢ ਫਰੋਲ ਕੇ ਚੰਗੇ ਮਾੜੇ ਦੀ ਪਛਾਣ ਕਰਾਉਣਗੀਆਂ। ਪਰਮ ਉੱਚ ਅਵੱਸਥਾ ਨੂੰ ਪਹੁੰਚੀਆਂ ਹੋਈਆਂ ਇਹ ਉੱਚੀਆਂ ਸੁਚੀਆਂ ਨੂਰਾਨੀ ਹਸਤੀਆਂ ਤੈਨੂੰ ਅਗੰਮ ਅਗੋਚਰ ਦੇ ਦੇਸ਼ ਦੀ ਸੈਰ ਕਰਵਾਉਣਗੀਆਂ। ਤੂੰ ਆਪਣੀ ਸੁਰਤੀ ਦੇ ਖੰਭਾਂ ਨੂੰ ਸਿਮਰਨ ਦੀ ਹਵਾ ਵਿਚ ਬਾਣੀ ਦੇ ਰਸਤੇ ਉਡਾਉਂਦੀ ਰਹੁ੍ਰੀਂ। ਫਿਰ ਦੇਖੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਤੈਨੂੰ ਕੀ ਕੀ ਰੰਗ ਦਿਖਾਉਂਦੀ ਹੈ।"



www.AKJ.Org

# ਗੁਲਾਮੀ

ਭਾਈ ਸੁਖਦੇਵ ਸਿੰਘ, ਪਿੰਡ ਜਾਣੀਆਂ (ਅੰਮ੍ਰਿਤਸਰ)

ਅਸੀਂ ਪੁੱਛਿਆ ਤੋਤਿਆ ਗੱਲ ਕੀ ਏ, ਉਡਿਆ ਜਾਂਦਾ ਨਹੀਂ ਖੰਭ ਵੀ ਮਾਰਦਾ ਏਂ।
ਤੇਰੀ ਸਿਹਤ ਵੀ ਚੰਗੀ ਜਾਪਦੀ ਏ, ਮਿੱਠੇ-ਮਿੱਠੇ ਤੂੰ ਬੋਲ ਉਚਾਰਦਾ ਏਂ।
ਸ਼ਕਲ ਸੂਰਤ ਵੀ ਲੱਗਦੀ ਬਹੁਤ ਸੋਹਣੀ, ਰਾਮ-ਰਾਮ ਕਹਿੰਦਾ ਵੀ ਤੂੰ ਥੱਕਦਾ ਨਹੀਂ।
ਇਉਂ ਜਾਪਦਾ ਲੱਗਦੇ ਫੁੱਲ ਬਹੁਤੇ, ਪਰ ਖੁਸ਼ਬੋ ਨਹੀਂ, ਫਲ ਵੀ ਪੱਕਦਾ ਨਹੀਂ।
ਮੇਰੇ ਦੁੱਖ ਦਾ ਦਾਰੂ ਨਹੀਂ ਕੋਲ ਤੁਹਾਡੇ, ਮੇਰਾ ਕੁਝ ਵੀ ਮੇਰੇ ਕੋਲ ਨਹੀਂ ਏ।
ਮੇਰੀਆਂ ਖੁਆਹਿਸ਼ਾਂ ਤੇ ਦਿਲੀ ਅਰਮਾਨ ਮੇਰੇ, ਮਿੱਠੇ ਬੋਲ ਵੀ ਮੇਰੇ ਬੋਲ ਨਹੀਂ ਏ।
ਰਾਮ ਰਾਮ ਵੀ ਕਹਿੰਦਾ ਹਾਂ ਪੇਟ ਦੇ ਲਈ, ਆਪਣੇ ਆਪ ਤੇ ਕੋਈ ਵੀ ਨਾਜ਼ ਨਹੀਂ ਏ।
'ਹਾਕਮ' ਜੋ ਚਾਹੁੰਦਾ ਉਹੀ ਬੋਲਦਾ ਹਾਂ, ਮੇਰੇ ਦਿਲ ਦੀ ਇਹ ਆਵਾਜ਼ ਨਹੀਂ ਏ।
ਨਾ ਉੱਡਣਾ ਤੇਰੀ ਮਜ਼ਬੂਰੀ ਹੀ ਸੀ, ਜਦੋਂ ਤੂੰ ਪਿੰਜਰੇ ਵਿੱਚ ਸੀ ਬੰਦ ਹੋਇਆ।
ਹੁਣ ਏ ਉਡਾਰੀ ਬਾਹਰ ਮਾਰ ਛੇਤੀ, ਕਿਹੜੀ ਗੱਲੋਂ ਤੂੰ ਫਿਕਰਮੰਦ ਹੋਇਆ।
ਇਉਂ ਲੱਗਦਾ ਸੁੱਤੀ ਜ਼ਮੀਰ ਤੇਰੀ, ਆਜ਼ਾਦ ਹੋ ਕੇ ਵੀ ਉੱਡਣਾ ਭੁੱਲਿਆ ਏਂ।
ਸਰੀਰ ਆਜ਼ਾਦ ਤੇ ਸੁਰਤ ਗੁਲਾਮ ਹੋਈ, ਤੈਨੂੰ ਵੇਖ ਕੇ ਭੇਦ ਇਹ ਖੁੱਲ੍ਹਿਆ ਏ।
ਜ਼ਿੰਦਗੀ ਵਿੱਚ ਮੈਂ ਉੱਡ ਕੇ ਵੇਖਿਆ ਨਹੀਂ, ਆਉਣਾ ਖੰਭਾਂ ਦੇ ਵਿੱਚ ਹੈ ਜ਼ੋਰ ਕਿੱਥੋਂ ?
ਜ਼ੰਜੀਰ ਗੁਲਾਮੀ ਦੀ ਨੇ ਜਿਹਨੂੰ ਜਕੜਿਆ ਏ, ਪੈਲਾਂ ਪਾਵੇਗਾ ਉਹ ਮੋਰ ਕਿੱਥੋਂ ?
ਸਾਰੇ ਦੁੱਖਾਂ ਦੀ ਜੜ੍ਹ ਗੁਲਾਮੀ ਹੀ ਏ, ਹੌਸਲਾ ਰਿਹਾ ਨਾ, ਰਹੀ ਹੈ ਜਾਨ ਮੇਰੀ!
ਘੁੱਟ ਘੁੱਟ ਕੇ ਜੀਉਣਾ ਹੈ ਕੀ ਜੀਉਣਾ, ਦਿਸਦੀ ਜੋ ਬਨਾਉਣੀ ਹੈ ਸ਼ਾਨ ਮੇਰੀ,
ਵਾਹ ਵਾਹ ! ਖੋਲ੍ਹਿਆ ਅੱਜ ਤੂੰ ਭੇਦ ਕੀ ਏ, ਖੋਲ੍ਹ ਦਿੱਤੀ ਏ ਅੱਜ ਤੂੰ ਅੱਖ ਸਾਡੀ।
ਹਾਲ ਸਾਡਾ ਵੀ ਤੋਤਿਆ ਇਹੋ ਈ ਏ, ਜੇਕਰ ਸੋਚਣੀ ਹੋਵੇ ਨਿਰਪੱਖ ਸਾਡੀ!
ਗੁਰਬਾਣੀ ਗਾਈ ਤਾਂ 'ਭਾਈ' ਜਾਂ ਬਣੇ 'ਰਾਗੀ', ਸਿੱਧੀ ਧਾਰਨਾ ਨਾਲ ਸਿੱਧੇ ਹੀ 'ਸੰਤ' ਬਣੀਏ।
ਸੰਤ-ਸਿਪਾਹੀ ਜੇ ਬਣੇ ਤਾਂ ਠੀਕ ਨਹੀਂ ਏ, ਠੀਕ ਹੈ ਜੇ ਸੰਤ-ਮਹੰਤ ਬਣੀਏ।
ਸਿੱਧੀ ਧਾਰਨਾ ਕੋਈ ਸਿਨਫ਼, ਛੰਦ ਨਹੀਂ ਏ, ਦੋ ਕਾਫੀਏ ਰਲੇ ਤਾਂ ਸ਼ਿਅਰ ਹੋਇਆ।
ਇਹ ਬਾਣੀ ਦਾ ਰੂਪ ਵਿਗਾੜਦੇ ਨੇ, ਵੇਖੋ ਦੀਵਿਆਂ ਥੱਲੇ ਹਨ੍ਹੇਰ ਹੋਇਆ।
ਆਪਣੀ 'ਧਾਰਨਾ' ਨੂੰ ਇਹ ਕਹਿਣ ਸਿੱਧੀ, ਬਾਣੀ ਇਨ੍ਹਾਂ ਨੂੰ ਵਿੰਗੀ ਜਾਪਦੀ ਏ।
ਹੋਵੇ 'ਸੰਤ' ਗੁਰਬਾਣੀ ਨੂੰ ਕਰੇ ਪਿੱਛੇ, ਏਦੂੰ ਵੱਧ ਕੀ ਗੱਲ ਸੰਤਾਪ ਦੀ ਏ।
ਪੰਥ ਵਾਲੀ ਨੇ ਪੰਥ ਨੂੰ ਇੱਕ ਕੀਤਾ, ਭੇਖੀ ਸੰਤਾਂ ਨੇ ਵੇਖ ਲਉ ਕੀ ਕੀਤਾ।
ਕਦਮ ਕਦਮ ਤੇ ਡੇਰੇ ਬਣਾਏ ਇਹਨਾਂ, ਫੁੱਟ ਪੰਥ ਵਿਚ ਪਾਈ ਇਹੋ ਹੀ ਕੀਤਾ।
ਗਿਣਤੀ ਵਿੱਚ ਇਹ ਪਤਾ ਨਹੀ ਹੋਣ ਕਿੰਨੇ, ਰੁਤਬਾ ਇੱਕ ਸੌ ਅੱਠ ਚੇਲਾ ਆਖਦਾ ਏ।
ਸਾਨੂੰ ਜਾਪਦਾ ਚਾਰ ਸੌ ਵੀਹ ਹੋਣਾ, ਭੇਖ ਸੋਨੇ ਦਾ, ਪਤਾ ਨਾਂ ਰਾਖ ਦਾ ਏ।
ਕਰਨ ਮਨਮਤ, ਨਾਂ ਗੁਰੂ ਦੇ ਨਾਮ ਉੱਤੇ, ਗੁਰੂ ਗ੍ਰੰਥ ਸਾਹਿਬ ਗੁਰੂ ਹੈ ਸਾਰਿਆਂ ਦਾ।
ਜੋ ਕੁਝ ਇਨ੍ਹਾਂ ਦੇ ਕੋਲ ਉਹ ਦੇਣ, ਦੱਸਣ, ਖਾਂਡਾ ਭੱਜੂ ਫਿਰ ਇਨ੍ਹਾਂ ਦੇ ਕਾਰਿਆਂ ਦਾ।
ਆਪਣੀ ਮਹਿਮਾ ਦੀ ਇਹਨਾ ਨੂੰ ਭੁੱਖ ਡਾਹਡੀ, ਆਪਣੇ ਡੇਰੇ ਨਾਲ ਸੰਗਤ ਨੂੰ ਜੋੜਦੇ ਨੇ।
ਰਹਿਤ ਮਰਿਯਾਦਾ 'ਚ ਦੇ ਕੇ ਢਿੱਲ ਬਹੁਤੇ, ਅੰਮ੍ਰਿਤ ਛਕਾ ਕੇ ਵੀ ਪੰਥ ਨਾਲੋਂ ਤੋੜਦੇ ਨੇ।
ਜਿਹੜਾ ਕੌਮ ਦੇ ਦਰਦ ਨੂੰ ਜਾਣਦਾ ਏ, ਛੱਡੇ ਚੌਧਰ ਤੇ ਪੰਥ ਦੇ ਨਾਲ ਚੱਲੇ।
ਕੱਚੀ ਬਾਣੀ ਹੈ ਪਾਣੀ, ਇਹਨੂੰ ਨਾ ਰਿੜਕੇ, ਫੜ ਕੇ ਗੁਰੂ ਸ਼ਬਦ ਦੀ ਢਾਲ ਚੱਲੇ।
ਕੇਵਲ ਡੇਰੇ ਦਾ ਮੁਖੀ ਹੀ 'ਸੰਤ' ਨਹੀਂ ਏ, ਹਰ ਗੁਰਸਿੱਖ ਹੀ ਸੰਤ-ਸਿਪਾਹੀ ਏ ਜੀ।
ਜਿਸਨੂੰ ਸ਼ੱਕ ਹੈ ਪੜ੍ਹ ਕੇ ਆਪ ਵੇਖੋ, ਸਾਡਾ ਇਤਿਹਾਸ ਹੀ ਸਾਡੀ ਗਵਾਹੀ ਏ ਜੀ।
ਸਿੱਖ ਗੁਰੂ ਦੇ ਸਨਮੁੱਖ ਸ਼ੋਭਦਾ ਏ, ਭੇਖੀ-ਸੰਤ ਨਾ ਵਿੱਚ ਦੀਵਾਰ ਹੋਵੇ।
ਸਿੱਖ, ਸਿੱਖ ਨੂੰ ਸਮਝੇ ਗੁਰਭਾਈ, ਗੁਰਭਾਈਆਂ ਦਾ ਆਪਸ ਵਿੱਚ ਪਿਆਰ ਹੋਵੇ।
ਆਪਸੀ ਪਿਆਰ, ਇਤਫ਼ਾਕ ਦੀ ਜੜ੍ਹ ਹੈ ਜੀ, ਜੜ੍ਹ ਵਿਚ ਹੈ ਬੂਟੇ ਦੀ ਜਾਨ ਹੁੰਦੀ।
ਜਾਨ ਨਾਲ ਜਹਾਨ 'ਸੁਖਦੇਵ ਸਿੰਘਾ', ਜਹਾਨ ਵਿਚ ਆਜ਼ਾਦੀ ਨਾਲ ਸ਼ਾਨ ਹੁੰਦੀ।



www.AKJ.Org

# ਕਮਰਕੱਸਾ

(ਡਾ: ਪ੍ਰੀਤਮ ਸਿੰਘ ਅਨਜਾਣ)

ਗੁਰੂ ਹਰਿਗੋਬਿੰਦ ਵ ਗੋਬਿੰਦ ਸਿੰਘ ਜੀ ਨੇ
ਵੱਡੀ ਦੇਣ ਦਿੱਤੀ ਇਹ ਕਮਰਕੱਸਾ।
ਮੀਰੀ ਪੀਰੀ ਦੇ ਹਰ ਖੇਤਰ ਵਿੱਚ
ਤੂੰ ਸਦਾ ਸਿੱਖਾ ! ਵੱਧ ਜਾਏਂ ਨੱਸਾ।
ਹਰ ਕੰਮ ਕਾਜ ਭਲੇਰੇ ਲਈ
ਤੂੰ ਢਿੱਲ ਨਾ ਕਰੇਂ ਕਦੇ ਵੀ ਚਸਾ।
ਅੱਜ ਰੀੜ੍ਹ ਦੀ ਹੱਡੀ ਦੇ ਰੋਗ ਛੱਤੀਹ
ਤੁਰ ਸਕੇ ਨ ਜੀਵ ਮਸਾਂ ਮਸਾਂ।
ਲੱਕ ਚੌੜੀਆਂ ਚੌੜੀਆਂ ਬੈਲਟਾਂ ਨੇ
ਗਲ ਕਾਲਰ ਪਾਏ ਵਾਂਙ ਰੱਸਾ।
ਉੱਪਰੋਂ ਤਰ੍ਹਾਂ ਤਰ੍ਹਾਂ ਦੀਆਂ ਪੈਥੀਆਂ ਨੇ
ਲਿਆ ਸੋਖ ਮਨੁੱਖ ਦਾ ਅਸਲ ਰਸਾ।
ਜੋੜ ਦਰਦ, ਅਧਰੰਗ ਤੇ ਗੰਠੀਏ ਵਿੱਚ
ਇਹ ਨਰੂ ਪਿਆ ਬੁਰੀ ਤਰ੍ਹਾਂ ਫੱਸਾ।
ਅਕੂਪਰੈਸ਼ਰਿਸਟ ਤੇ ਮਾਲਸ਼ੀ ਬਖ਼ਸ਼ਿੰਦਿਆਂ ਵੀ
ਸਵਾਰਿਆ ਕੱਖ ਨਹੀਂ ਤੇਲ ਝਸਾ ਝਸਾ।
ਇਹ ਗੱਲ ਤਾਂ ਹੋਈ ਮਨੁੱਖ ਮਾਤਰ ਦੀ
ਹਾਲ ਖਾਲਸੇ ਦਾ ਵੀ ਮੈਂ ਕੀ ਦੱਸਾਂ ?
ਤਿੰਨ ਸੌ ਸਾਲ ਪਹਿਲਾਂ ਜਿਹਨੂੰ ਸਤਿਗੁਰਾਂ ਨੇ
ਦਿੱਤਾ ਰੋਗ ਦਾਰੂ ਇਹ ਕਮਰਕੱਸਾ।
ਉਹ ਖਾਲਸਾ ਹਸਪਤਾਲਾਂ ਵਿੱਚ
ਡਿੱਠਾ ਵਿਲ੍ਹਕ ਵਿਲ੍ਹਕਦਾ ਅੱਜ ਅਸਾਂ।
ਐਂਕਾਈਲੋਜ਼ਿੰਗ ਸਪੌਂਡਿਲਾਈਟਿਸ ਨੇ
ਕੀਤਾ ਮਰਦ ਗੱਭਰੂ ਅੱਜ ਖੱਸਾ।
ਅੱਧਖੜੀ ਉਮਰੇ ਜੋ ਸਾਥ ਛੱਡਣ
ਨਰ ਨਾਰੀ ਦਾ ਰਿਹਾ ਨਾ ਕੋਈ ਵਸਾਹ।
ਨੀਲ ਧਾਰੀਆਂ ਵੀ ਧਾਰਿਆ ਚਿੰਨ੍ਹਮਾਤਰ !
ਸਾਰ ਜਾਨਣ ਨ ਉਹ ਵੀ-ਕਮਰਕੱਸਾ।
ਅੰਗ੍ਰੇਜ਼ੀ ਸ਼ਾਨ-ਫੜੂਹੀ ਨਾਲ ਬੈਲਟ ਬੰਨ੍ਹਣ
ਕਹਿੰਦੇ ਇਹ ਵੀ ਤਾਂ ਹੈ ਕਮਰਕੱਸਾ !
ਗਿਣ ਲਓ ਰੀੜ੍ਹ ਦੀ ਹੱਡੀ ਦੇ ਮਣਕਿਆਂ ਨੂੰ
ਕਹੇ ਡਾਕਟਰ "ਇਹ ਨਾ ਕਮਰਕੱਸੇ,
ਇਹ ਤਾਂ ਪੇਡੂਕੱਸਾ ਜਾਂ ਕੁੱਖ ਕੱਸਾ।"
ਸਾਂਭਿਆ ਬਾਣੀ ਦੇ ਨਾਲ ਜਿਸ ਬਾਣੇ ਨੂੰ
ਕੇਵਲ ਉਹੀ ਪਹਿਨਦੇ ਕਮਰਕੱਸਾ।
ਬਾਕੀ ਖੁਆਰ ਹੋਇ ਵਿੱਚ ਖੁਆਰੀਆਂ ਦੇ
ਭੇਦ ਜਾਨਣ ਉਹ ਕੀ-ਕਮਰਕੱਸਾ ?
ਰੋਗ ਦਾਰੂ ਨਾਲ ਰੋਕ ਥਾਮ ਅੱਛੀ
ਕਰੀਓ ਢਿੱਲ ਨਾ ਖਾਲਸਾ ਜੀ ਰਤੀ ਚਸਾ।
ਬਲਿਹਾਰ ਗੁਰੂ ਦੀ ਦੂਰ ਅੰਦੇਸ਼ੀ ਤੋਂ
ਸੋਚ ਸਮਝ ਜਿਸ ਬਖਸ਼ਿਆ ਕਮਰਕੱਸਾ।
'ਅਨਜਾਣ' ਜਦ ਵੀ ਦੇਖੇ ਰੀੜ੍ਹ-ਰੋਗੀਆਂ ਨੂੰ
ਯਾਦ ਆਏ ਉਸ ਨੂੰ ਕਮਰਕੱਸਾ।
ਬਲਿਹਾਰ ਹਰਿਗੋਬਿੰਦ ਜੀ ਦੇ
ਬਲਿਹਾਰ ਗੋਬਿੰਦ ਸਿੰਘ ਜੀ ਦੇ
ਜਿਨ੍ਹਾਂ ਦੇਣ ਦਿੱਤੀ ਇਹ ਕਮਰਕੱਸਾ।

## ਆਪਣਾ ਚਿਟ ਨੰਬਰ ਲਿਖਣਾ ਨਾ ਭੁੱਲੋ ਜੀ

ਜੇ ਤੁਸੀਂ .........

1. ਆਪਣਾ ਪਤਾ (Address) ਬਦਲ ਲਿਆ ਹੈ,
2. ਅਗਲੇ ਸਾਲ ਦਾ ਚੰਦਾ ਭੇਜਣਾ ਹੈ,
3. ਪਰਚਾ ਨਾ ਮਿਲਣ ਦੀ ਜਾਂ 'ਸੂਰਾ' ਸੰਬੰਧੀ ਕੋਈ ਹੋਰ ਸ਼ਿਕਾਇਤ ਕਰਨੀ ਹੈ ਤਾਂ ਆਪਣਾ ਚਿਟ ਨੰਬਰ ਦਾ ਹਵਾਲਾ ਦੇ ਕੇ ਅਤੇ ਪੂਰਾ ਪਤਾ ਲਿਖ ਕੇ ਚਿੱਠੀ/ਸ਼ਿਕਾਇਤ ਭੇਜੋ ਜੀ।

ਆਪ ਦਾ ਚਿਟ ਨੰਬਰ ਰਸਾਲੇ ਦੇ ਰੈਪਰ ਉੱਤੇ ਪਤੇ ਦੇ ਉਤਾਂਹ ਕਰ ਕੇ ਲਿਖਿਆ ਹੋਇਆ ਹੁੰਦਾ ਹੈ। ਚਿਟ ਨੰਬਰ ਅਤੇ ਪੂਰੇ ਪਤੇ ਤੋਂ ਬਿਨਾਂ ਕਾਰਵਾਈ ਕਰਨੀ ਸਾਡੇ ਲਈ ਔਖੀ ਹੋ ਜਾਂਦੀ ਹੈ। -ਸੰਪਾਦਕ।



www.AKJ.Org

## ਜੈਤਸਰੀ ਕੀ ਵਾਰ (੩)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਸਲੋਕ॥

ਕੋਟਿ ਦਾਨ ਇਸਨਾਨੰ
ਅਨਿਕ ਸੋਧਨ ਪਵਿਤ੍ਰਤਹ॥
ਉਚਰੰਤਿ ਨਾਨਕ ਹਰਿ ਹਰਿ ਰਸਨਾ
ਸਰਬ ਪਾਪ ਬਿਮੁਚਤੇ॥੧॥
ਈਧਣੁ ਕੀਤੋ ਮੂ ਘਣਾ
ਭੋਰੀ ਦਿਤੀਮੁ ਭਾਹਿ॥
ਮਨਿ ਵਸੰਦੜੋ ਸਚੁ ਸਹੁ
ਨਾਨਕ ਹਭੇ ਡੁਖੜੇ ਉਲਾਹਿ॥੨॥

ਉਚਾਰਣ : ਪਵਿਤ੍ਰਤਹ-ਇਸ ਸ਼ਬਦ ਦਾ ਅੰਤਲਾ 'ਹ' ਮੁਕਤਾ ਹੈ, ਸੋ ਇਸ ਦਾ ਉਚਾਰਣ ਇਸ ਦੇ ਅਸਲੀ ਰੂਪ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਈਧਣ-'ਈ' ਉਚਾਰਣ ਨਾਸਕੀ।

ਪਦ ਅਰਥ : ਕੋਟਿ-ਕਰੋੜਾਂ। ਅਨਿਕ ਸੋਧਨ ਪਵਿਤ੍ਰਤਹ -ਅਨੇਕ ਸੁਧਤਾਈਆਂ ਤੇ ਪਵਿਤ੍ਰਤਾਈਆਂ। ਉਚਰੰਤਿ-ਉਚਾਰਦੇ ਹਨ। ਬਿਮੁਚਤੇ-ਕੱਟੇ ਜਾਂਦੇ ਹਨ।੧।

ਈਧਣੁ-ਬਾਲਣ। ਮੂ-ਮੈਂ। ਘਣਾ-ਬਹੁਤ ਸਾਰਾ। ਭੋਰੀ-ਰਤਾ ਕੁ। ਦਿਤੀਮੁ-ਮੈਂ ਦਿੱਤੀ। ਭਾਹਿ-ਅੱਗ। ਵਸੰਦੜੋ-ਵਸਦਾ ਹੈ। ਹਭੇ-ਸਾਰੇ। ਡੁਖੜੇ-ਦੁਖ। ਉਲਾਹਿ-ਦੂਰ ਕਰ ਦੇਂਦਾ ਹੈ।੨।

ਅਰਥ : ਨਾਨਕ ! ਜਿਹੜੇ ਜੀਵ ਰਸਨਾ (ਜੀਭ) ਨਾਲ ਹਰੀ-ਪ੍ਰਭੂ ਦਾ ਹਰਿ ਨਾਮ ਉਚਾਰਦੇ ਰਹਿੰਦੇ ਹਨ, ਉਹਨਾਂ ਦੇ ਸਾਰੇ ਪਾਪ ਕੱਟੇ ਜਾਂਦੇ ਹਨ। ਇੰਜ ਕਰੋੜਾਂ ਤਰ੍ਹਾਂ ਦੇ ਦਾਨ, ਤੀਰਥ-ਇਸ਼ਨਾਨ ਅਤੇ ਨਾਨਾ ਪ੍ਰਕਾਰ ਦੀਆਂ ਸੁਧਤਾਈਆਂ ਅਤੇ ਪਵਿਤ੍ਰਤਾਈਆਂ ਸੁਤੇ ਹੀ ਹੋ ਜਾਂਦੀਆਂ ਹਨ।੧।

ਮੈਂ ਬਹੁਤ ਸਾਰਾ ਬਾਲਣ ਇਕੱਠਾ ਕੀਤਾ, ਉਸ ਨੂੰ ਮੈਂ ਰਤਾ ਕੁ ਅੱਗ ਲਾਈ (ਉਹ ਸਾਰੇ ਦਾ ਸਾਰਾ ਸੜ ਕੇ ਸੁਆਹ ਹੋ ਗਿਆ)।

(ਏਸੇ ਤਰ੍ਹਾਂ) ਨਾਨਕ ! ਜਦੋਂ ਮਨ ਵਿੱਚ ਸਦਾ ਥਿਰ ਰਹਿਣ ਵਾਲਾ ਮਾਲਕ-ਪ੍ਰਭੂ ਵੱਸ ਜਾਂਦਾ ਹੈ ਤਾਂ (ਉਹ ਪ੍ਰਭੂ) ਸਾਰੇ ਦੁੱਖ ਮੂਲੋਂ ਹੀ ਲਾਹ ਦੇਂਦਾ ਹੈ।੨।

ਪਉੜੀ

ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ॥
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ॥
ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ॥
ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ॥੫॥

ਉਚਾਰਣ : ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਕਰਨਾ ਚਾਹੀਦਾ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਗਏ ਹਨ :

ਹੋਹਿ-ਹੋ ਜਾਂਦੇ ਹਨ। ਪਾਈਅਹਿ-ਪਾ ਲਈਦੇ ਹਨ। ਨਾਉ-ਨਾਮ। ਕਟੀਅਹਿ-ਕਟੇ ਜਾਂਦੇ ਹਨ। ਥਾਉ-ਥਾਂ। ਜਾਉ-ਮੈਂ ਜਾਂਦਾ ਹਾਂ।

ਪਦ ਅਰਥ : ਕੋਟਿ-ਕਰੋੜਾਂ। ਅਘਾ-(ਉਚਾਰਣ ਨਾਸਕਤਾ ਰਹਿਤ) ਪਾਪ। ਮਨ ਚਿੰਦੇ-ਮਨ-ਇਛਤ। ਪਾਈਅਹਿ-ਪਾਈਦੇ ਹਨ। ਗਾਉ-(ਨਾਂਵ-ਕਿਰਦੰਤ, ਉਚਾਰਣ ਨਾਸਕਤਾ ਰਹਿਤ) ਗਾਇਨ। ਭੈ-ਡਰ (ਬਹੁ ਵਚਨ) ਕਟੀਅਹਿ-ਕਟੇ ਜਾਂਦੇ ਹਨ। ਨਿਹਚਲ-ਅਚੱਲ। ਪੂਰਬਿ-ਧੁਰ ਦਰਗਾਹ ਤੋਂ। ਸਮਾਉ-(ਨਾਉਂ-ਕਿਰਦੰਤ, ਉਚਾਰਣ ਨਾਸਕਤਾ ਰਹਿਤ) ਸਮਾਈ। ਬਲਿ ਜਾਉ-ਮੈਂ ਵਾਰਨੇ ਜਾਂਦਾ ਹਾਂ।

ਅਰਥ : ਹਰੀ ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਕਰੋੜਾਂ ਪਾਪ, ਸਾਰੇ ਦੇ ਸਾਰੇ ਨਾਸ ਹੋ ਜਾਂਦੇ ਹਨ।

ਹਰੀ ਦਾ ਗੁਣ ਗਾਇਨ ਕਰਦਿਆਂ ਮਨ-ਇਛਤ ਫਲ ਪਾ ਲਈਦੇ ਹਨ।

ਜੰਮਣ ਤੇ ਮਰਨ ਦੇ ਡਰ ਕੱਟੇ ਜਾਂਦੇ ਹਨ, ਸਦਾ ਥਿਰ ਅਚੱਲ ਟਿਕਾਣਾ ਮਿਲ ਜਾਂਦਾ ਹੈ।

ਜੇ (ਮੱਥੇ ਤੇ) ਧੁਰ ਦਰਗਾਹੋਂ ਸ਼ੁਭ ਲੇਖ ਲਿਖਿਆ ਹੋਵੇ ਤਾਂ ਪ੍ਰਭੂ ਦੇ ਚਰਨਾਂ ਵਿੱਚ ਸਮਾਈ ਹੁੰਦੀ ਹੈ।

ਪਉੜੀ ਦੇ ਅੰਤ ਵਿੱਚ 'ਨਾਨਕ' ਮੁਹਰ ਛਾਪ ਲਾ ਕੇ ਗੁਰਦੇਵ ਬੇਨਤੀ ਕਰਦੇ ਹਨ-ਹੇ ਪ੍ਰਭੂ ! ਮੈਨੂੰ ਕਿਰਪਾ ਕਰਕੇ (ਆਪਣੇ ਚਰਨਾਂ ਵਿੱਚ) ਰੱਖ ਲਓ, ਮੈਂ (ਆਪ ਦੇ ਪਾਵਨ ਕਮਲਾਂ ਤੋਂ) ਕੁਰਬਾਨ ਜਾਂਦਾ ਹਾਂ।੫।

ਸਲੋਕ॥

ਗ੍ਰਿਹ ਰਚਨਾ ਅਪਾਰੰ
ਮਨਿ ਬਿਲਾਸ ਸੁਆਦੰ ਰਸਹ॥
ਕਦਾਂਚ ਨਹ ਸਿਮਰੰਤਿ, ਨਾਨਕ
ਤੇ ਜੰਤ ਬਿਸਟਾ ਕ੍ਰਿਮਹ॥੧॥
ਮੁਚੁ ਅਡੰਬਰੁ ਹਭੁ ਕਿਹੁ
ਮੰਝਿ ਮੁਹਬਤਿ ਨੇਹ॥
ਸੋ ਸਾਂਈ ਜੈਂ ਵਿਸਰੈ
ਨਾਨਕ ਸੋ ਤਨੁ ਖੇਹ॥੨॥



www.AKJ.Org

ਉਚਾਰਣ : ਰਸਹ, ਨਹ, ਕ੍ਰਿਮਹ-ਇਨ੍ਹਾਂ ਦਾ ਉਚਾਰਨ ਮੁਕਤਾ ਧੁਨੀ ਵਿੱਚ ਹੀ ਕਰਨਾ ਚਾਹੀਦਾ ਹੈ, ਮੁਕਤਾ 'ਹ' ਦਾ ਉਚਾਰਣ 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਸ਼ੁੱਧ ਨਹੀਂ।

ਮੁਹਬਤਿ-'ਬ' ਦਾ ਉਚਾਰਣ ਇਸ ਦੀ ਧੁਨੀ ਨੂੰ ਦੁੱਤ ਕਰ ਕੇ।

ਪਾਠ ਭੇਦ : ਦੂਜੇ ਸਲੋਕ ਦੀ ਪਹਿਲੀ ਪੰਗਤੀ ਵਿੱਚ ਆਇਆ ਸ਼ਬਦ 'ਨੇਹ' ਦਾ ਸਰੂਪ ਛਾਪੇ ਦੀ ਬੀੜ ਵਿੱਚ ਏਵੇਂ ਹੀ ਹੈ, ਜਦ ਕਿ ਕਈ ਸੈਂਚੀਆਂ ਅਤੇ ਸਟੀਕਾਂ ਵਿੱਚ ਪਾਠ 'ਨੇਹੁ' ਛਪਦਾ ਹੈ।

ਪਦ ਅਰਥ : ਗ੍ਰਿਹ-ਘਰ, ਮਹਲ ਮਾੜੀਆਂ। ਅਪਾਰੰ-ਬੇਹੱਦ, ਹਦੋਂ ਪਰੇ। ਮਨਿ-ਮਨ ਵਿੱਚ। ਬਿਲਾਸ-ਚਸਕੇ। ਸੁਆਦੰ ਰਸਹ-ਰਸਾਂ ਕਸਾਂ ਦੇ ਸੁਆਦ। ਕਦਾਂਚ-ਕਦੀ ਵੀ। ਤੇ-ਉਹ (ਬਹੁ ਵਚਨ)। ਬਿਸਟਾ ਕ੍ਰਿਮਹ-ਵਿਸ਼ਟਾ (ਗੰਦਗੀ) ਦੇ ਕੀੜੇ।੧।

ਮੁਚ-ਬਹੁਤਾ। ਅਡੰਬਰੁ-ਪਸਾਰਾ, ਖਿਲਾਰਾ। ਹਭੁ ਕਿਹੁ-ਸਭ ਕਿਛ। ਮੰਝਿ-ਅੰਦਰ। ਮੁਹਬਤਿ-ਪ੍ਰੀਤ। ਨੇਹ-ਨਹੀਂ। ਸਾਂਈ-ਮਾਲਕ। ਜੈਂ-ਜਿਸ ਨੂੰ।੨।

ਅਰਥ : ਭਾਵੇਂ ਘਰਾਂ (ਮਹਲ ਮਾੜੀਆਂ) ਦੀ ਉਸਾਰੀ ਹਦੋਂ ਪਰ੍ਹੇ ਕਰ ਲਈ ਜਾਵੇ ਅਤੇ ਮਨ ਉਤੇ ਰਸਾਂ ਕਸਾਂ ਦੇ ਸੁਆਦਾਂ ਦੇ ਚਸਕੇ ਸਵਾਰ ਰਹਿਣ।

ਨਾਨਕ ! ਜੋ ਕਦੀ ਵੀ ਪ੍ਰਭੂ ਦਾ ਸਿਮਰਨ ਨਹੀਂ ਕਰਦੇ, ਉਹ ਜੀਵ ਮਾਨੋ ਗੰਦਗੀ ਦੇ ਕੀੜੇ ਹਨ।੧।

ਬਹੁਤ ਵੱਡਾ ਪਦਾਰਥਕ ਪਸਾਰਾ ਹੋਵੇ ਅਤੇ ਸਭ ਕੁੱਝ ਪ੍ਰਾਪਤ ਹੋਵੇ, ਪਰ ਅੰਦਰ (ਪ੍ਰਭੂ ਦੀ) ਪ੍ਰੀਤ ਨਾ ਹੋਵੇ।

ਨਾਨਕ ! ਜਿਸ (ਗਾਫ਼ਲ ਜੀਵ) ਨੂੰ (ਮਾਇਕ ਪਸਾਰੇ ਵਿੱਚ ਖੱਚਤ ਹੋ ਕੇ) ਖਸਮ-ਪ੍ਰਭੂ ਭੁੱਲ ਜਾਵੇ, ਉਹ ਸਰੀਰ ਮਿੱਟੀ (ਦੀ ਲੋਥ) ਹੈ।੨।

ਪਉੜੀ।।

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ।।
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ।।
ਮਨ ਇਛੇ ਸੁਖ ਮਾਣਦਾ ਕਿਛੁ ਨਾਹੀ ਵਿਸੂਰੇ।।
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।।
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨ ਧੀਰੇ।।੬।।

ਉਚਾਰਣ : ਗ੍ਰਿਹ-ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਰ' ਅੱਖਰ ਨੂੰ ਲੱਗੀ ਹੋਈ ਹੈ, ਇਸ ਦੀ ਧੁਨੀ 'ਰ' ਨਾਲ ਉਠਾਉਣੀ ਚਾਹੀਦੀ ਹੈ, ਨਾ ਕਿ 'ਹ' ਨਾਲ। ਸਾਂਤਿ-ਵਿਚਕਾਰਲੇ 'ਂ' ਦਾ ਉਚਾਰਣ ਨਾਸਕੀ।

ਪਦ ਅਰਥ : ਸੇਜ-ਵਿਛੌਣੇ। ਪੂਰੇ-ਮੁਕੰਮਲ, ਸਾਰੇ। ਗ੍ਰਿਹ ਸੋਇਨ-ਸੋਨੇ ਦੇ ਘਰ। ਸੁਗੰਧ-ਖੁਸ਼ਬੋ, ਮਹਿਕ। ਵਿਸੂਰੇ-ਝੋਰੇ। ਚਿਤਿ-ਚਿਤ ਵਿੱਚ। ਕੀਰੇ-ਕੀੜੇ। ਕਿਤੁ ਬਿਧਿ-ਕਿਸ ਬਿਧੀ ਨਾਲ, ਕਿਸ ਤਰ੍ਹਾਂ, ਕਿਵੇਂ ? ਮਨੁ ਧੀਰੇ-ਮਨ ਧੀਰਜ (ਦਿਲਾਸਾ) ਫੜੇ।੬।

ਅਰਥ : ਸੁੰਦਰ ਅਤੇ ਸੁਖਦਾਈ ਵਿਛੌਣੇ, ਅਨੇਕ ਸੁਖ ਅਤੇ ਰਸ-ਕਸ ਭੋਗਣ ਦੇ ਸਾਰੇ ਸਾਜ-ਸਾਮਾਨ ਪ੍ਰਾਪਤ ਹੋਣ:

ਸੋਨੇ ਦੇ ਬਣੇ ਹੋਏ ਘਰ (ਮਹਲ ਮਾੜੀਆਂ) ਉਪਲਬਧ ਹੋਣ, ਜਿਨ੍ਹਾਂ ਵਿੱਚ ਚੰਦਨ ਦੀ ਖ਼ੁਸ਼ਬੋ (ਮਹਿਕ) ਹੋਵੇ ਅਤੇ ਮੋਤੀ ਹੀਰੇ ਜੜੇ ਹੋਣ।

ਮਨ-ਚਾਹੇ ਸੁਖ ਭੋਗਦਾ ਹੋਵੇ, ਕਿਸੇ ਕਿਸਮ ਦੇ ਚਿੰਤਾ ਝੋਰੇ ਨਾ ਹੋਣ।

(ਜੋ ਏਨੇ ਐਸ਼੍ਵਰਜ਼ ਦੇ ਹੁੰਦਿਆਂ ਉਸ ਨੂੰ ਇਹਨਾਂ ਪਦਾਰਥਾਂ ਦਾ ਦੇਣਹਾਰ) ਉਹ ਪ੍ਰਭੂ ਹਿਰਦੇ ਵਿੱਚ ਯਾਦ ਨਹੀਂ ਆਉਂਦਾ ਤਾਂ ਉਹ (ਪੂੰਜੀ-ਪਤੀ) ਗੰਦਗੀ ਦੇ ਕੀੜੇ ਸਮਾਨ ਹੈ।

ਪ੍ਰਭੂ ਦੇ ਨਾਮ ਤੋਂ ਬਿਨਾਂ (ਸੰਤੋਖ ਨਹੀਂ ਆਉਂਦਾ ਅਤੇ ਸੰਤੋਖ ਬਿਨਾਂ) ਅੰਦਰ ਠੰਢ ਨਹੀਂ ਵਰਤਦੀ (ਅਤੇ ਸ਼ਾਂਤੀ ਪ੍ਰਾਪਤ ਹੋਏ ਬਿਨਾਂ) ਮਨ ਧੀਰਜ ਕਿਵੇਂ ਕਰੇ ?੬।

## ਅੰਮ੍ਰਿਤ ਛਕਣਾ, ਗੁਰਮੰਤ੍ਰ (ਨਾਮ ਅੰਮ੍ਰਿਤ) ਦੀ ਪ੍ਰਾਪਤੀ

ਤਿਸੁ ਬਾਹੁੜਿ ਗਰਭਿ ਨ ਪਾਵਹੀ,
ਜਿਸੁ ਦੇਵਹਿ ਗੁਰਮੰਤਾ।। (ਪੰਨਾ ੧੦੯੫)

(ਜਿਸ ਮਨੁੱਖ ਨੂੰ ਗੁਰਮੰਤ੍ਰ ਮਿਲ ਜਾਂਦਾ ਹੈ ਉਸ ਨੂੰ ਪ੍ਰਭੂ ਮੁੜ ਜੂਨਾਂ ਦੇ ਗੇੜ ਵਿੱਚ ਨਹੀਂ ਪਾਉਂਦਾ।)

ਗੁਰਿ ਮੰਤ ਅਵਖਧੁ ਨਾਮੁ ਦੀਨਾ,
ਜਨ ਨਾਨਕ ਸੰਕਟ ਜੋਨਿ ਨ ਪਾਇ।। (ਪੰਨਾ ੧੦੦੨)

(ਜਿਸ ਨੂੰ ਗੁਰੂ ਨੇ ਨਾਮ-ਮੰਤ੍ਰ ਦੇ ਦਿੱਤਾ, ਨਾਮ-ਦਾਰੂ ਦੇ ਦਿੱਤਾ, ਉਸ ਮਨੁੱਖ ਨੂੰ ਪ੍ਰਭੂ ਚੁਰਾਸੀ ਲੱਖ ਜੂਨਾਂ ਦੇ ਕਲੇਸ਼ ਵਿੱਚ ਨਹੀਂ ਪਾਉਂਦਾ।)



www.AKJ.Org

# ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ

(ਸੰਤਾ ਸਿੰਘ ਆਜਿਜ਼)

ਐ ਸਿਆਸਤ ਦਾਨੋ, ਅੱਜ ਦੇ ਮੁਲਤਾਨੋ, ਸਾਨੂੰ ਗੈਰ ਨਾ ਸਮਝੋ, ਆਪਣੇ ਹੀ ਜਾਣੋ,
ਦਿਲ ਚੀਰ ਕੇ ਦਿਲ ਦੀ ਧੜਕਣ ਪਹਿਚਾਨੋ, ਦਿਲਦਾਰ ਰਹੇ ਹਾਂ, ਦਿਲਦਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਦਸਮੇਸ਼ ਨੇ ਬਖਸ਼ੀ ਸਾਨੂੰ ਸਰਦਾਰੀ, ਸਾਡੇ ਘਰ ਦੀ ਬਾਂਦੀ ਸਰਮਾਏਦਾਰੀ,
ਸੀ ਬੀਸ ਹਜ਼ਾਰੀ, ਅਸੀਂ ਤੀਸ ਹਜ਼ਾਰੀ, ਖੁਦ ਦਾਰ ਰਹੇ ਹਾਂ, ਖੁਦ ਦਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ,
ਅਸੀਂ ਆਪਣੇ ਵਤਨ ਦੇ ਸਿਰਲੱਥ ਸਿਪਾਹੀ, ਅਸੀਂ ਸਿਰੜੀ ਕਾਮੇ, ਅਸੀਂ ਕਠਨ ਕਮਾਈ,
ਸਾਡੇ ਕਿਰਤੀ ਕਿਸਾਨਾਂ, ਭੁੱਖ ਜਗ ਦੀ ਮਿਟਾਈ, ਦਾਤਾਰ ਰਹੇ ਹਾਂ, ਦਾਤਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਅਸਾਂ ਸੀਨੇ ਤੇ ਝੱਲੀ ਮੁਗਲਾਂ ਦੀ ਕਾਤੀ, ਡਾਇਰ ਦੀ ਗੋਲੀ, ਬੀਟੀ ਦੀ ਲਾਠੀ,
ਤੁਸਾਂ ਮਨੋ ਭੁਲਾਏ ਜੇਲ੍ਹਾਂ ਦੇ ਸਾਥੀ, ਗਮ ਖਾ ਰਹੇ ਹਾਂ, ਗਮ ਖਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਅਸਾਂ ਦੇਸ਼ ਧਰਮ ਹਿੱਤ ਤਨ, ਮਨ, ਧਨ ਵਾਰੇ, ਲੱਖਾਂ ਸਿੱਖ ਜੋਧੇ ਜੂਝੇ ਸਚਿਆਰੇ,
ਅਸਾਂ ਵੈਰੀ ਦੇ ਹਮਲੇ, ਮੂੰਹ ਤੋੜ ਲਤਾੜੇ, ਬੇਦਾਰ ਰਹੇ ਹਾਂ, ਬੇਦਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਆਜ਼ਾਦੀ ਦਾ ਜੰਤਾ ਨੂੰ, ਅਸਾਂ ਖੁਆਬ ਵੀ ਦਿੱਤਾ, ਭਾਰਤ ਨੂੰ ਨਾਹਰਾ-ਏ-ਇਨਕਲਾਬ ਵੀ ਦਿੱਤਾ,
ਪੰਜਾਬ ਨੂੰ ਸ਼ੇਰੇ ਪੰਜਾਬ ਵੀ ਦਿੱਤਾ, ਸ਼ਾਹਕਾਰ ਰਹੇ ਹਾਂ, ਸ਼ਾਹਕਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਕਈ ਵਾਰ ਹਾਂ ਉਜੜੇ, ਕਈ ਵਾਰ ਹਾਂ ਵਸੇ, ਕਦੀ ਨਗਰ ਦਾ ਵਾਸਾ, ਕਦੀ ਵਣਾਂ ਨੂੰ ਨੱਸੇ,
ਸਰਬੰਸ ਖੁਹਾਕੇ ਰੋਏ ਨਹੀਂ, ਹੱਸੇ, ਸ਼ਰਸਾਰ ਰਹੇ ਹਾਂ, ਸ਼ਰਸਾਰ ਰਹੇਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਕਿਉਂ ਵਤਨ-ਪ੍ਰਸਤਾਂ ਦਾ ਸਨਮਾਨ ਨਹੀਂ ਅੱਜ ? ਇਹਨਾਂ ਦੀ ਹਫਾਜ਼ਤ ਦਾ ਸਨਮਾਨ ਨਹੀਂ ਅੱਜ ?
ਕਿਉਂ ਸੱਚ ਝੂਠ ਦੀ ਪਹਿਚਾਨ ਨਹੀਂ ਅੱਜ ? ਸਚਿਆਰ ਰਹੇ ਹਾਂ, ਸਚਿਆਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਤੁਸੀਂ ਹਿੱਕ ਥਾਪੜ ਕੇ ਲਾਵੋ ਨਿੱਤ ਨਾਹਰੇ, ਸਾਨੂੰ ਦੁਨੀਆਂ ਭਰ ਦੇ ਮਜ਼ਲੂਮ ਪਿਆਰੇ,
ਕਿਉਂ ਨਜ਼ਰ ਨਹੀਂ ਆਉਂਦੇ ਤੁਹਾਨੂੰ ਸਿੱਖ ਦੁਖਿਆਰੇ ? ਸਾਕਾਰ ਰਹੇ ਹਾਂ, ਸਾਕਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਅਸੀਂ ਰਾਜ ਵੀ ਪਾਲਿਆ, ਤਾਂ ਅਦਲ ਕਮਾਇਆ, ਹਿੰਦੂ ਮੁਸਲਿਮ ਨੂੰ ਭਾਈਵਾਲ ਗਣਾਇਆ,
ਦਿਲ ਜਿੱਤ ਦੁਸ਼ਮਨ ਦਾ ਫੜ ਗਲੇ ਲਗਾਇਆ, ਰਾਹਕਾਰ ਰਹੇ ਹਾਂ, ਰਾਹਕਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਅਸੀਂ ਸ਼ੇਰ ਮਰਦ ਹਾਂ, ਸਾਡੀ ਗਰਜ ਅਨੋਖੀ, ਸਾਡੇ ਗੀਤ ਅਵੱਲੜੇ, ਸਾਡੀ ਤਰਜ਼ ਅਨੋਖੀ,
ਸਾਡਾ ਭੇਦ ਅਨੋਖਾ, ਸਾਡੀ ਮਰਜ਼ ਅਨੋਖੀ, ਬਲਿਹਾਰ ਗੁਰਾਂ ਤੋਂ, ਬਲਿਹਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।
ਅਸੀਂ ਰਾਜ ਦੇ ਵਾਰਸ, ਅਸੀਂ ਤਾਜ ਦੇ ਵਾਰਸ, ਅਸੀਂ ਜ਼ਰੋ ਜਵਾਹਰ ਪੁਖਰਾਜ ਦੇ ਵਾਰਸ,
ਹਰ ਅਦਾ ਦੇ ਵਾਰਸ, ਹਰ ਨਾਜ਼ ਦੇ ਵਾਰਸ, ਹੱਕਦਾਰ ਰਹੇ ਹਾਂ, ਹੱਕਦਾਰ ਰਹਾਂਗੇ,
ਸਰਦਾਰ ਰਹੇ ਹਾਂ, ਸਰਦਾਰ ਰਹਾਂਗੇ।



www.AKJ.Org

# ਵਿਚਾਰ ਹੀ ਵਸਤੂ ਹਨ

(ਪ੍ਰਿੰਸੀਪਲ ਗੁਰਮੁਖ ਸਿੰਘ, ਪਟਿਆਲਾ)

ਸੂਬੇਦਾਰ ਧਰਮ ਸਿੰਘ ਜੀ ਸੁੱਜੋਂ (ਯੂ. ਕੇ.) ਦੇ ਦੋ ਲੇਖ ਮਈ ਜੂਨ 1996 ਵਿੱਚ ਸੂਰਾ ਮਾਸਕ ਪੱਤਰ ਵਿੱਚ ਛਪ ਚੁੱਕੇ ਹਨ ਜਿਸ ਵਿੱਚ ਉਹਨਾਂ *'ਪੁਲਾੜ ਰੈਹਤ'* Specelessness ਦੇ ਗੰਭੀਰ ਵਿਸ਼ੇ ਨੂੰ ਆਮ ਪਾਠਕਾਂ ਦੀ ਪੱਧਰ ਤੇ ਵਿਗਿਆਨਕ ਤੱਥਾਂ ਦੇ ਆਧਾਰ ਤੇ ਰੱਖਣ ਦਾ ਸਫਲ ਯਤਨ ਕੀਤਾ ਹੈ। ਉਹਨਾਂ ਦੇ ਲੇਖ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ :

1. ਜੇ ਕੋਈ ਵਿਅਕਤੀ ਨਾਮ ਅਭਿਆਸ ਰਾਹੀਂ ਜਾਂ ਜੋਗ ਸਾਧਨਾ ਰਾਹੀਂ (here and now) ਇਥੇ ਅਤੇ ਹੁਣ ਦੀ ਸੂਖਮ ਅਵਸਥਾ ਪ੍ਰਾਪਤ ਕਰ ਲਵੇ ਤਾਂ ਉਹ ਇੱਕ ਤਰ੍ਹਾਂ ਦਾ ਪਾਰ-ਦਰਸ਼ੀ ਬਣ ਜਾਂਦਾ ਹੈ। ਉਹ ਇਸ ਦੇ ਹੀ ਵਿੱਚ ਹੁੰਦਿਆਂ ਹੋਇਆਂ ਵਿਦੇਹ ਹੋ ਸਕਦਾ ਹੈ। ਉਸ ਨੂੰ ਸਰੀਰਕ ਪ੍ਰਕਿਰਤੀ ਨੂੰ ਸ਼ਕਤੀ ਵਿੱਚ ਬਦਲ ਕੇ ਬਿਦੇਹ ਹੋਣ ਦੀ ਜੁਗਤੀ ਆ ਜਾਂਦੀ ਹੈ ਜਿਸ ਨਾਲ ਉਹ ਪਾਤਾਲਾਂ ਅਤੇ ਆਕਾਸ਼ਾਂ ਦੇ ਦਰਸ਼ਨ ਮੇਲੇ ਕਰ ਸਕਦਾ ਹੈ। ਇਹ ਖਿਆਲ ਪੁਰਾਤਨ ਰਿਸ਼ੀਆਂ ਮੁੰਨੀਆਂ ਦੇ ਭੀ ਹੋਏ ਹਨ। ਉਹਨਾਂ ਤੋਂ ਦੇਹ ਤੋਂ ਬਿਦੇਹ ਹੋਣ ਦੀਆਂ ਕਥਾ ਕਹਾਣੀਆਂ ਚੱਲੀਆਂ ਅਤੇ ਇਹ ਅਨ੍ਹਾਰਾਂ ਸਿਧੀਆਂ ਦਾ ਭਾਗ ਬਣ ਗਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਦੇ ਹਜ਼ਾਰਾਂ ਮੀਲਾਂ ਦਾ ਸਫਰ ਅਤੇ ਪਾਤਾਲਾਂ ਆਕਾਸ਼ਾਂ ਦੀਆਂ ਫੇਰੀਆਂ ਅੱਖ ਦੇ ਫਰਕਣ ਜਿਤਨੇ ਸਮੇਂ ਵਿੱਚ ਤੈਅ ਕਰ ਲੈਣਾ ਕਰਤਾਰੀ ਸ਼ਕਤੀ ਨਿਯਮਾਂ ਅਨੁਸਾਰ ਹੀ ਸੀ ਜਿਸ ਬਾਰੇ ਸੂਬੇਦਾਰ ਧਰਮ ਸਿੰਘ ਜੀ ਨੇ ਰੌਸ਼ਨੀ ਦੀ ਗਤੀ ਦੇ ਸਿਧਾਂਤ ਨਾਲ ਜੋੜ ਕੇ ਉਪਰੋਕਤ ਲੇਖਾਂ ਵਿੱਚ ਦਰਸਾਇਆ ਹੈ।

ਇਹਨਾਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਆਤਮਕ ਵਿਕਾਸ ਦੇ ਲੰਮੇ ਪੈਂਡੇ ਵਿੱਚ ਇੱਕ ਪੜਾਉ ਤਾਂ ਹੋ ਸਕਦੇ ਹਨ ਪਰ ਮੰਜ਼ਲ ਨਹੀਂ। ਗੁਰੂ ਅਮਰਦਾਸ ਜੀ ਨੇ ਇਸ ਪੜਾਉ ਤੇ ਪੁੱਜੇ ਸਿੱਖਾਂ ਨੂੰ ਇਉਂ ਸਾਵਧਾਨ ਕੀਤੇ :-

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ।।
ਸਾ ਸਿਧਿ ਸਾ ਕਰਮਾਤਿ ਹੈ
ਅਚਿੰਤ ਕਰੇ ਜਿਸੁ ਦਾਤਿ।।
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ।।

(ਵਾਰ ਸੋਰਠਿ ਸਲੋਕ ਮ: ੩, ਅੰਕ ੬੫੦)

ਗੁਰੂ ਕੇ ਸਿੱਖਾਂ ਲਈ ਹਰਿ ਨਾਮ ਦੇ ਮਨ ਵਿੱਚ ਵਸਣਾ ਸਭ ਤੋਂ ਸਿਖਰੀ ਮੰਜ਼ਲ ਹੈ, ਬਾਕੀ ਗੱਲਾਂ ਸਭ ਹੇਠ ਹਨ।

ਸੂਬੇਦਾਰ ਜੀ ਦੇ ਉਪਰੋਕਤ ਲੇਖ (ਜੂਨ ੯੬) 'ਸੂਰਾ' ਪੱਤਰ ਦੇ ਪੰਨਾ 27 ਤੇ ਇਕ ਹੋਰ ਗੱਲ ਲਿਖੀ ਹੈ :-

*"HERE AND NOW ਦੀ ਅਵਸਥਾ ਵਿਚ ਸਿਰਫ ਇਰਾਦਾ (WILL) ਹੀ ਕੰਮ ਕਰਦਾ ਹੈ ਅਤੇ ਅਮਲ ਪੂਰਾ ਹੋ ਜਾਂਦਾ ਹੈ।"* ਉਹਨਾਂ ਦਾ ਕਹਿਣਾ ਇਹ ਹੈ ਕਿ ਉਪਰੋਕਤ ਆਤਮਕ ਪੜਾਉ ਤੇ ਪੁੱਜ ਕੇ ਜਗਿਆਸੂ ਦੇ ਮਨ ਵਿੱਚ ਜੋ ਫੁਰਨਾ ਉੱਠੇ ਉਹ ਉਸੀ ਵਕਤ ਪੂਰਾ ਹੋ ਜਾਂਦਾ ਹੈ।

ਥੋੜਾ ਚਿਰ ਹੋਇਆ ਹੈ ਪਟਿਆਲਾ ਵਿਖੇ ਭਾਈ ਦੀਦਾਰ ਸਿੰਘ C-129 ਵਿਕਾਸ ਕਾਲੋਨੀ ਦੀ *'ਗੁਰਮਤਿ ਪ੍ਰਚਾਰ ਸਭਾ'* ਨੇ ਇੱਕ ਟ੍ਰੈਕਟ *'ਅਬਿਨਾਸ਼ੀ ਲੀਲ੍ਹਾ'* ਛਾਪਿਆ ਹੈ। ਇਸ ਟ੍ਰੈਕਟ ਨੂੰ ਡਾ: ਆਤਮ ਸਿੰਘ, ਪ੍ਰੋਫੈਸਰ ਅਤੇ ਮੁਖੀ (ਰਿ:) ਮਾਨਵ ਭਾਸ਼ਾ ਵਿਗਿਆਨ, ਪੰਜਾਬੀ ਯੂਨੀਵਰਸਟੀ, ਪਟਿਆਲਾ ਨੇ ਪ੍ਰਸਿੱਧ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਪੁਸਤਕ 'ਏ ਵਰਲਡ ਬੀਯਾਂਡ' (a world beyond) ਤੇ ਆਧਾਰਤ ਹੈ। ਇਸ ਟ੍ਰੈਕਟ ਵਿੱਚ ਉਸ ਪੁਸਤਕ ਵਿੱਚੋਂ ਕੁਝ ਰੌਚਕ ਘਟਨਾਂਵਾ ਨੂੰ ਲੈ ਕੇ ਪਾਠਕਾਂ ਲਈ ਮਰਨ ਉਪੰਰਤ ਅਬਿਨਾਸ਼ੀ ਲੀਲਾ ਦੇ ਕੁੱਝ ਦ੍ਰਿਸ਼ ਪੇਸ਼ ਕੀਤੇ ਗਏ ਹਨ। ਰੂਹ ਦੇ ਦੇਸ਼ ਤੋਂ ਪ੍ਰਾਪਤ ਜਾਣਕਾਰੀ ਬੜੀ ਰੌਚਕ ਹੈ। ਉਸ ਟ੍ਰੈਕਟ ਦੇ ਪੰਨਾ 20-24 ਵਿਚਕਾਰ ਸੂਬੇਦਾਰ ਧਰਮ ਸਿੰਘ ਜੀ ਦੇ ਲੇਖ ਦੇ ਇਸ ਤੱਥ ਦੀ ਪ੍ਰੋੜਤਾ ਕੀਤੀ ਗਈ ਹੈ ਕਿ ਇੱਕ ਪੜਾਉ ਐਸਾ ਹੈ ਜੋ ਇਥੇ ਭੀ ਅਤੇ ਰੂਹਾਂ ਦੇ ਦੇਸ਼ ਵਿੱਚ ਭੀ, ਜਦੋਂ ਵਿਚਾਰ ਜਾਂ ਇੱਛਾ (will) ਹੀ ਵਸਤੂ ਦਾ ਰੂਪ ਧਾਰਨ ਕਰਦੀ ਹੈ। ਜਿਵੇਂ ਗੁਰਬਾਣੀ ਵਿੱਚ ਭੀ ਸੰਕੇਤ ਹੈ :-

ਜੋ ਬ੍ਰਹਮੰਡੇ ਸੋਈ ਪਿੰਡੇ ਸੋ ਖੋਜੈ ਪਾਵੈ।।

(ਭਗਤ ਪੀਪਾ ਜੀ, ਅੰਕ ੬੯੫)

ਵਰ ਜਾਂ ਸਰਾਪ, ਅਸੀਸ ਅਤੇ ਅਰਦਾਸ ਵਿਚਾਰ ਰੂਪ ਤੋਂ ਬਦਲ ਕੇ ਵਸਤੂ ਰੂਪ ਧਾਰਨ ਕਰਦੇ ਅਸਾਂ ਵੇਖਿਆ ਹੈ। ਗਰੀਬੜੇ ਜਿਹੇ ਸਿੱਖ ਦੇ ਇਹ ਬੋਲ *"ਬੁੱਧੂ ਦਾ ਆਵਾ ਕੱਚਾ"* ਚਿਤਵਣ ਤੇ ਬੁਧੂ ਦੇ ਭੱਠੇ ਦੀਆ ਇੱਟਾਂ ਨੂੰ ਗੁਰੂ ਅਰਜਨ ਦੇਵ ਜੀ ਵੀ ਪੱਕਿਆ ਨਹੀਂ ਕੀਤਾ, ਸਗੋਂ ਵਰ ਦਿੱਤਾ ਰਹਿਣਗੀਆ ਤਾਂ ਕੱਚੀਆਂ, ਪਰ ਵਿਕਣ ਗੀਆਂ ਪੱਕਿਆਂ ਦੇ ਭਾਅ। ਇਸ ਲਈ ਅਭਿਆਸੀ ਜਨਾਂ ਨੂੰ ਆਪਣੇ ਮੁਖਾਰਬਿੰਦ ਤੋਂ ਸੰਭਾਲ ਕੇ ਬਚਨ ਕਰਨੇ ਚਾਹੀਦੇ ਹਨ। ਕਦੇ ਇਹ ਨਾ ਹੋਵੇ ਕਿ *"ਚਿੜੀਓ ਮਰ ਜਾਓ, ਹੁਣ ਜੀ ਪਖਓ"* ਵਾਲੀ ਵਾਰਤਾ ਸਾਡੇ ਨਾਲ ਭੀ ਪਈ ਵਰਤੇ।



www.AKJ.Org

# KESHAS (HAIR) &KESKI (CHHOTI DASTAR OR MINI TURBAN)

(S. Manmohan Singh, U.S.A.)

Sikh history is full of instances where the devout Sikhs were hacked joint by joint, boiled and even sawed alive, had there scapls cut, their limbs broken on the wheel, and faced bravely many other unbearable and severest of tortures, and yet remained firm in their faith to their last hair and breath.

Right from Sahib Sri Guru Nanak Dev Ji, the Sikhs have been commanded to abstain from shaving or trimming of hair. According to Bhai Sahib Mani Singh's Gyan Ratnavali and other Janam Sakhies, Sri Guru Nanak Dev Ji, while initiating Bhai Mardana into the newly founded Sikh faith, laid down the following three-fold Code of Conduct for him:

"Firstly, you are not to cut your hair.

Secondly, you are to get up early in the morning and do practice of the Sat Naam; and, Thirdly, you are to serve hospitably the visiting devotees of God."

In another instance Sahib Sri Guru Hari Rai Ji, while blessing Bhai Nandlal, grandfather of Bhai Hakikat Rai with the Holy Naam, is reported to have codified as follows;

"Firstly, you are not to cut your hair;
Secondly, you are not to consume
tobacco; and
Thirdly, you are not to wear a cap."

It is thus crystal clear that the injunction regarding abstaining from cutting Keshas was initiated by Sahib Sri Guru Nanak Dev Ji himself and continued to be adhered to by all his successor Gurus. Hence the importance of keeping Keshas intact is the basic and fundamental requirement for becoming a Sikh. In fact, the Keshas are considered so sacred that for cleanliness, care, and protection, two additional Kakaars, i.e. Kangha and Keski, have been prescribed in the Sikh Code of Conduct.

It is well known that the outward appearance of Sikh is absolutely unique and different from those of other faiths. This applies to all Sikhs irrespective of sex. The wearing of the Sikh symbols has been obligartory for both the sexes. In addition, Sikh women are also conspicuous because of the absence of any piercing ornaments for nose and ears, such as those customarily worn by women of other religions. After their initiation into the Khalsa fold by partaking Khande-ki-pahul (Amrit,) the Sikh women have always tied their Keshas in the form of topknot and covered the same with Dastaar (i.e. Keski) just as men do; the only difference being that they wear chunnies or dupattas over their small turbans.

Right up the reign of Maharaja Ranjit Singh, Sikh women had been steadfast in following the edicts of the Satguru in respect to their spiritual inner life as well as dress, including Keski. That is what J.D. Cunninghan himself saw and wrote in the middle of the Ninteeth Century when he wrote his book, History of the Sikhs.

Even after the Punjab came under the British rule, this symbol of Keski was conspicuously seen in case of Sikh women as well as men right up to the Gurdwara movement and the establishment of the Shromani Gurudwara Parbandhak Committee in 1926. Until then, no one-man as well as woman- was allowed to be baptized (by taking Amrit) at Sri Akal Takht Sahib without Keski. It was only afterwards that laxity was introduced in this respect and the wearing of Keski was made optional. With the introduction of this laxity, the other anti-Sikh practice of wearing piercing ornaments in the nose and ears also became prevalent in Sikh women.

Some important facts about Keski:-

i. Rahit naama of Bhai Chaupa Singh



www.AKJ.Org

Ji contains the following couplet regrading 'rahits':

Kachh, Kada, Kirpan, Kangha, Keski.

Eh panj Kakaari Rahit Dhaarey Sikh Soyee.

To be a Sikh, one must observe five rahits of wearing five Sikh symbols beginning with 'K': Kachh, Kada, Kirpan, Kangha, and Keski. (Those Sikhs not believing in Keski have wrongfully broken the word Keski in this couplet into two words, Kes and ki, indicating it to mean "the rahit of keshas")

ii The renowned scholar of the Panth, Bhai Sahib Kahan Singh Ji of Nabha, compiled the Encyclopedia of Sikh Literature and Terminology (Guru Shabad Ratnagar MAHAN KOSH) In 1926. The term 'Keski' has been explained therein on page 254, Col .3 of its Second Edition published by the Punjab Government in 1960, as:

Keski: Noun -small turban worn to protect hair.

iii. Well known 19th Century English Historian, J.D. Cunningham (1812-1851) who was an eye witness to the First Anglo-Sikh War, in his History of the Sikhs -1848 refers to Sikh women of that time as follows:

"The Sikh women are distinguished from Hindus of their sex by some variety of dress, chiefly by higher topknot of hair."

Higher topknot of hair on Sikh women's heads automatically implies their coverage by some sort of turban, as Cunningahm has conected it with "some variety of dress."

iv Sahib Sri Guru Arjan Dev Ji's hymn on page 1084 clearly states:

Naapaak Paak Kar Hadoor Hadeesa

Sabat Surat Dastaar Sira.

Make unpure (mind) pure. It is the true adherence to the Muslim Law (Hadees). (One can obtain this objective) by keeping one's body unviolated and by always wearing a turban on head.

The above instruction to keep the body in its original complete form and to wear turban is meant for all, irrespective of sex.

v The tradition of "double dastaar" prevalent amongst Khalsa men was also the result of the practice of keeping Keski under the big turban so that they may never remain bareheaded. Keeping this very tradition in view, the British rulers of India prescribed wearing of double dastaar, i.e., one small (also refered to as an under turban) and the other outer big one, as part of the official uniform for Sikh members of armed forces. They were, and perhaps are even now, officially provided with the two turbans, one big and one small, as part of their uniforms.

vi. At the end of the nineteenth century and the beginning of the present one, as a result of the Sikh renaissance movement, a number of Khalsa schools for girls were established in Punjab. Small dastaar (Keski) was prescribed as an obligatory head dress for students as well as teachers in such schools at Jaspalon, Ferozepur and Sidhwan in Punjab.

vii In a number of Rahitnaamas, the importance of keeping hair always covered with Dastaar has been been emphasized very clearly. A few quotations are given below:

"Each candidate for Baptism be made to wear Kachhehra, tie hair in a topknot and cover the same with dastaar; wear Sri Sahib (i.e Kirpan ) in Gaatra (shoulder belt). Then he/ she should stand with folded hands. (Rahitnama Bhai Daya Singh Ji)

"..... Waheguru Ji Ka Khalsa should keep his hair unshorn, have flowing beard and simple dastaar which saves him from impiety. Then the Sikhs asked what would happen to those Amritdharis who start cutting their hair or do not keep their hair covered. The Guru replied that they would be stupid and will lose their sensiblility...It is a blemish to remain bareheaded..... Always keep two turbans. When the bigger turban is removed, the smaller be kept. The smaller turban should not be removed."

(Bijai Mukat Dharm Shastra - Sakhi -8)



www.AKJ.Org

"(A Sikh) who eats food with turban removed from the head (i.e., bareheaded) is destined for 'Kumbhi' hell."

(Rahit Nama Bhai Prahlad Singh Ji)

"One who combs hair twice a day, ties turban fold by fold and cleans teeth everyday will not come to grief."

(Tankhah Naama Bhai Nandlal Singh Ji)

"Whosoever roams about bareheaded, takes food bareheaded and distributes the 'prasad' bareheaded is considered punishable."

(Uttar-prashan Bhai Nandlal Singh Ji)

"Women should tie their hair in topknot and should not keep them loose."

(Rahitnama Bhai Daya Singh Ji)

"Keshas be washed. Turban or dastaar should not be placed on floor but should always be kept with due respect. Food should not be eaten bareheaded."

(Bijai Mukt Dharam Shastra, Sakhi 70)

viii. Well-known Sikh historian Bhai Sahib Bhai Santokh Singh has given a somewhat deatailed description concerning Mai Bhag Kaur (commonly known as Mai Bhago) of Forty Muktas fame in his well known historical work GURPARTAP SURYA. He mentions that Mai Bhag Kaur had reached the highet stage of enlightenment and had almost lost her body conciousness.....so much so that when her clothes became worn to shreds, she did not care to replace them. Sahib Sri Guru Gobind Singh Ji called her in His Holy presence and instructed her to always stick to the Gursikh dress as prescribed in the Code of Conduct. In particular, she was ordered to wear Kachhehra and chhoti dastaar. In fact, according to some chroniclers, the dastaar was tied on her head by the Satguru himself.

ix. In the Museum of Maharaja Ranjit Singh's fort at Lahore and Victoria Museum at Calcutta, the pictures of Sikh women of old time can be seen even now, depicting them with small dastaars or keskis.

x. A recent discovery from old literature puts a final seal on the Keski having been prescribed as a Rahit by the Tenth Guru himself. While going through the old Vahis of the Bhatts, lying with their successors in Karnal District in Haryana State, Prof. Piara Singh Padam of Punjabi University, Patiala came across a paragraph explaining the first baptism of the double-edged sword bestowed by Sahib Sri Guru Gobind Singh Ji on the First Five Beloved Ones on the Baisakhi of 1699 A.D. and the Code of Conduct imparted to them on that auspicious occasion. Based upon the language and style, this manuscript has been assessed to have been written in about the end of the eighteenth century. As this finding is of special significance in this respect, the English translation of the whole paragraph is reproduced below:

'Sri Guru Gobind Singh Ji Tenth Guru, son of Guru Tegh Bahadur Ji, in the year Seventeen Hundred Fifty Six, on Tuesday - the Vaisakhi day - gave Khande-Ki-Pahul to Five Sikhs and surnamed them as Singhs. First Daya Ram Sopti, Kharti, resident of Lahore stood up. Then Mohkam Chand Calico Printer of Dawarka; Sahib Chand Barber of Zafrabad city; Dharam Chand Jawanda Jat of Hastanapur; Himmat Chand, Water Carrier of Jagannath stood up one after the other. All were dressed in blue and he himself also dressed the same way. Huqqah, Halaal, Hajaamat, Haraam, Tikka, Janeyu, Dhoti, were prohibited. Socialization with the descendants of Prithi chand (Meenay), followers of Dhirmal and Ram Rai, clean shaven people and Masands was prohibited. All were given Kangha, Karad, KESGI, Kada and Kachhehra. All were made Keshadhari. Everyone's place of birth was told to be Patna, of residence as Anandpur. Rest, Guru's deeds are known only to the Satguru. Say Guru! Guru! Guru! Guru will help everywhere."



www.AKJ.Org

# ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ।।

(ਡਾ: ਕੁਲਦੀਪ ਕੌਰ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਜਾਪੁ ਸਾਹਿਬ ਵਿੱਚ ਅਕਾਲ ਪੁਰਖ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਨ ਕਰਕੇ ਨਮਸਕਾਰ ਕੀਤੀ ਹੈ। ਸਾਰੀ ਬਾਣੀ ਹੀ ਇੱਕ ਪ੍ਰਕਾਰ ਦਾ ਮੰਗਲਾ ਚਰਣ ਹੈ। ਆਰੰਭਿਕ ਮੰਗਲਾ ਚਰਣ ਰੂਪੀ ਛਪੈ ਛੰਦ ਵਿੱਚ ਆਪ ਨੇ ਤ੍ਵਪ੍ਰਸਾਦਿ ਰਾਹੀਂ ਲਿਖਦਿਆਂ ਦੱਸਿਆ ਹੈ :-

ਤਵ ਸਰਬ ਨਾਮ ਕਥੈ ਕਵਣ
ਕਰਮ ਨਾਮ ਬਰਨਤ ਸੁਮਤਿ।।
ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ।।

ਵੀ ਅਕਾਲ ਪੁਰਖ ਦੇ ਦੋ ਵਿਸ਼ੇਸ਼ ਕਰਮ ਨਾਮ ਹਨ। ਦਸਮ ਪਿਤਾ ਨੇ ਅਕਾਲੀ ਹੁਕਮ ਨਾਲ ਅਕਾਲ ਪੁਰਖ ਦੀ ਖਾਲਸਾ ਫੌਜ ਤਿਆਰ ਕੀਤੀ ਜਿਸ ਨੂੰ ਉਹਨਾਂ ਨੇ ਆਪਣਾ ਹੀ ਰੂਪ, ਸੁਹਿਰਦ ਸੱਜਣ ਤੇ ਸੁਹਿਰਦ ਇਸ਼ਟ ਦੇ ਰੂਪ ਵਿੱਚ ਸਨਮਾਨਿਆ।

ਫੌਜ ਕਦੇ ਸ਼ਸਤ੍ਰ ਹੀਨ ਨਹੀਂ ਹੁੰਦੀ। ਸ਼ਸਤ੍ਰ ਵੀ ਇੱਕ ਨਹੀਂ, ਕਈ ਭਾਂਤ ਦੇ ਵਰਤੇ ਜਾਂਦੇ ਹਨ। ਖਾਲਸਾ ਫੌਜ ਦਾ ਆਦਰਸ਼ 'ਧਰਮ ਪ੍ਰਚੁਰ' ਹੀ ਸੀ। ਇਸ ਮਨੋਰਥ ਲਈ 'ਸੰਤ ਉਬਾਰਨ ਅਤੇ ਦੁਸ਼ਟ ਸੰਘਾਰਨ' ਦੀ ਲੋੜ ਸੀ। ਇਸ ਮੋਨਰਥ ਲਈ ਹੋਰ ਸ਼ਸਤ੍ਰਾਂ ਵਿੱਚੋਂ ਪ੍ਰਾਥਮਿਕਤਾ ਕ੍ਰਿਪਾਨ ਨੂੰ ਦਿੱਤੀ ਗਈ ਅਤੇ ਇਸ ਨੂੰ ਖਾਲਸੇ ਦੀ ਰਹਿਤ ਦਾ ਵਿਸ਼ੇਸ਼ ਰੂਪ ਦਿੱਤਾ ਗਿਆ। 'ਸਸ਼ਤ੍ਰ ਹੀਨ ਸਿੱਖ ਕਬਹੂੰ ਨਾ ਹੋਈ' ਦਾ ਉਪਦੇਸ਼ ਵੀ ਕ੍ਰਿਪਾਨ ਨੂੰ ਸਦਾ ਅੰਗ ਸੰਗ ਰੱਖ ਕੇ ਹੀ ਕਮਾਇਆ ਜਾ ਸਕਦਾ ਹੈ। ਕ੍ਰਿਪਾਨ, ਸਮਸ਼ੀਰ ਜਾਂ ਤਲਵਾਰ ਦੀ ਲੋੜ ਪੰਚਮ ਪਾਤਿਸ਼ਾਹ ਨੇ ਹੀ ਅਨੁਭਵ ਕਰ ਲਿਆ ਹੋਇਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਛਠਮ ਪੀਰ ਗੁਰ ਭਾਰੀ ਨੂੰ ਬਾਲਪਨ ਤੋਂ ਹੀ ਸਸ਼ਤਰ ਵਿਦਿਆ ਵਿੱਚ ਨਿਪੁੰਨ ਕਰ ਦਿੱਤਾ ਸੀ। ਅੰਤ ਸਮੇਂ ਲਾਹੌਰ ਜਾਣ ਤੋਂ ਪਹਿਲਾਂ ਸਸ਼ਤ੍ਰਾਂ ਦੀ ਵਰਤੋਂ ਦਾ ਆਦੇਸ਼ ਵੀ ਦੇ ਗਏ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਸੱਤਾ ਤੇ ਰਾਜ ਸੱਤਾ ਨੂੰ ਇਕੱਠਾ ਕਰ ਵਿਖਾਇਆ ਸੀ। ਮੀਰੀ ਦੀ ਤਲਵਾਰ ਰਣ ਭੂਮੀ ਵਿੱਚ ਲਿਸ਼ਕਾਰੇ ਮਾਰਦੀ ਸੀ। ਪੀਰੀ ਦੀ ਤਲਵਾਰ ਸਿੱਖੀ ਦੀ ਆਤਮਕ ਸੱਤਾ ਤੇ ਨੈਤਿਕਤਾ ਦੀ ਪ੍ਰਤੀਕ ਸੀ। ਮੀਰੀ ਪੀਰੀ ਦੇ ਮਾਲਕ ਨੇ ਸਿੱਖ ਯੋਧਿਆਂ ਨੂੰ ਸ਼ਸਤ੍ਰ ਵਿਦਿਆ ਵਿੱਚ ਨਿਪੁੰਨ ਬਣਾ ਕੇ ਸੈਨਾਵਾਂ ਤਿਆਰ ਕੀਤੀਆਂ। ਹਕੂਮਤ ਨਾਲ ਯੁੱਧ ਵੀ ਕਰਨੇ ਪਏ। ਮੀਰੀ ਦੀ ਤਲਵਾਰ ਨਾਲ ਸਦਾ ਜਿੱਤ ਪ੍ਰਾਪਤ ਹੁੰਦੀ ਰਹੀ। ਸ਼ਾਹੀ ਫ਼ੌਜਾਂ ਨੂੰ ਹਮੇਸ਼ਾ ਹਾਰ ਦਾ ਮੂੰਹ ਵੇਖਣਾ ਪੈਂਦਾ। ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਯੁੱਧ ਕਰਨ ਦੀ ਭਾਵੇਂ ਲੋੜ ਨਹੀਂ ਸੀ ਪਈ ਪਰ ੨੨੦੦ ਸਵਾਰਾਂ ਦੀ ਸੈਨਾਂ ਹਮੇਸ਼ਾ ਆਪ ਦੇ ਨਾਲ ਰਹਿੰਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਨਾ ਤੋਂ ਪਹਿਲਾਂ ਹੀ ਸਿੱਖ ਸੈਨਾਵਾਂ ਨੂੰ ਜੰਗੀ ਕਰਤਵਾਂ ਦੀ ਮਹਾਨਤਾ ਦ੍ਰਿੜ ਕਰਾ ਦਿੱਤੀ ਸੀ। ਹੋਲਾ ਮਹੱਲਾ ਖ਼ਾਲਸਾ ਸਾਜਣ ਤੋਂ ਲਗਪਗ ੨੦ ਵਰ੍ਹੇ ਪਹਿਲਾਂ ਸੰਨ ੧੬੮੦ ਈ: ਵਿੱਚ ਆਰੰਭ ਹੋ ਗਿਆ ਸੀ। ਸਿੱਖ ਸਿਪਾਹੀਆਂ ਦੀਆਂ ਸੈਨਿਕ ਟੁਕੜੀਆਂ ਬਨਾਵਟੀ ਲੜਾਈਆਂ ਕਰਕੇ ਵਾਰ ਕਰਨ ਅਤੇ ਵਾਰ ਰੋਕਣ ਲਈ ਗੁਰੂ ਸਾਹਿਬ ਕੋਲੋਂ ਥਾਪਨਾ ਲੈਂਦੀਆਂ। ਖਾਲਸਾ ਸਾਜਣ ਨਾਲ ਤਾਂ ਹੋਰ ਸਿੱਖ ਹੋਣ ਦਾ ਮਾਣ ਪ੍ਰਾਪਤ ਹੋਇਆ।

ਸਿੱਖੀ ਦੇ ਅਰੰਭ ਤੋਂ ਹੀ ਸਿੱਖਾਂ ਵਿਚ ਆਤਮ ਬਲ ਭਰਿਆ ਜਾ ਰਿਹਾ ਸੀ। ਬ੍ਰਹਮ ਗਿਆਨੀ ਪੈਦਾ ਹੋ ਰਹੇ ਸਨ ਜੋ *'ਪਰਉਪਕਾਰ ਉਮਾਹਾ'* ਵਾਲੀ ਅਵਸਥਾ ਵਿੱਚ ਵਿਚਰਦੇ ਸਨ। ਇਸ ਮਨੋਰਥ ਲਈ ਆਪਾ ਵਾਰਨ ਦੀ ਲੋੜ ਹੁੰਦੀ ਹੈ। 'ਸਿਰੁ ਧਰਿ ਤਲੀ ਗਲੀ ਮੇਰੀ ਆਉ।।' ਅਤੇ ਦੀਨ ਹੇਠ ਲੜਦਿਆਂ ਹੋਇਆ ਪੁਰਜਾ ਪੁਰਜਾ ਕਟਿ ਮਰਨ ਦੀ ਵੰਗਾਰ ਮਿਲ ਚੁੱਕੀ ਸੀ।

ਜ਼ੁਲਮ ਕਰਨ ਵਾਲਾ ਜ਼ਾਲਮ, ਜ਼ੁਲਮ ਸਹਿਣ ਵਾਲਾ ਕਾਇਰ, ਬੁਜ਼ਦਿਲ ਤੇ ਗੀਦੀ : ਦੋਵੇਂ ਨਖਿੱਧ ਜੀਵ। 'ਸੰਤ ਉਬਾਰਨ ਤੇ ਦੁਸ਼ਟ ਸੰਘਾਰਨ' ਵਾਲੇ ਗੁਰੂ ਨੂੰ ਇਹ ਦੋਵੇਂ ਹੀ ਮਨਜ਼ੂਰ ਨਹੀਂ ਸਨ। ਖਾਲਸਾ ਰੂਪ ਵਿੱਚ ਉਹ ਯੋਧੇ ਪੈਦਾ ਕੀਤੇ ਜਾਣੇ ਸਨ ਜਿਨ੍ਹਾਂ ਦੀ ਆਤਮਾ ਸਾਣ ਤੇ ਚੜ੍ਹ ਚੁਕੀ ਹੋਵੇ : ਜੋ ਧਰਮ ਪ੍ਰਚਾਰ ਦੇ ਆਦਰਸ਼ ਲਈ ਆਪਾ ਵਾਰਨ ਵਾਸਤੇ ਤਿਆਰ ਹੋ ਜਾਣ। ਖਾਲਸਾ ਜ਼ਾਲਮ ਨੂੰ ਪਾਰ ਬੁਲਾਉਂਦਾ ਹੋਇਆ ਮਰਨ ਦੇ ਚਾਉ ਵਿੱਚ ਜੂਝਦਾ ਹੈ। ਮਰਨ ਤੋਂ ਡਰਨ ਵਾਲਾ ਤਾਂ ਕਾਇਰ ਹੁੰਦਾ ਹੈ। ਕਾਇਰ ਦੇ ਹੱਥ ਵਿਚ ਸਾਸਤ੍ਰ ਨਹੀਂ ਫੜਾਇਆ ਜਾਂਦਾ, ਇਹ ਸੂਰਬੀਰਾਂ ਦੇ ਹੱਥੀਂ ਸੋਭਦਾ ਹੈ। ਇਹ ਸੂਰਬੀਰ ਬਣਾਉਂਦਾ ਹੈ ਅਤੇ ਬੀਰਤਾ ਨੂੰ ਜਗਾਉਂਦਾ ਹੈ। ਕਾਇਰਤਾ ਨੂੰ ਮਿਟਾਉਣਾ ਆਦਰਸ਼ ਹੁੰਦਾ ਹੈ। ਇਸੇ ਲਈ ਫੁਰਮਾਨ ਹੈ :-

ਧੰਨ ਜੀਓ ਤਿਹ ਕੋ ਜਗ ਮੈ,



www.AKJ.Org

ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ।।
ਦੇਹ ਅਨਿਤ ਨ ਨਿੱਤ ਰਹੈ,
ਜਸੁ ਨਾਵ ਚੜੈ ਭਵ ਸਾਗਰ ਤਾਰੈ।।
ਧੀਰਜ ਧਾਮ ਬਨਾਇ ਇਹੈ ਤਨ,
ਬੁਧਿ ਸੁ ਦੀਪਕ ਜਿਉ ਉਜੀਆਰੈ।।
ਗਿਆਨਹਿ ਕੀ ਬਢਨੀ ਮਨਹੁ ਹਾਥ
ਲੈ, ਕਾਤਰਤਾ ਕੁਤਵਾਰ ਬੁਹਾਰੈ।।
(ਗੁਰੂ ਗੋਬਿੰਦ ਸਿੰਘ ਜੀ)

ਗਿਆਨ ਖੜਗ ਨਾਲ ਕਾਤਰਤਾ ਦਾ ਸਫਾਇਆ ਕਰਕੇ ਜਦੋਂ *ਨਿਸਚੈ ਕਰਿ ਆਪਨੀ ਜੀਤ ਕਰੌਂ* ਵਾਲੀ ਅਵਸਥਾ ਬਣ ਜਾਵੇ ਤਾਂ ਅਰਜੋਈ ਕੀਤੀ ਜਾਂਦੀ ਹੈ।

ਜਬ ਆਉ ਕੀ ਅਉਧ ਨਿਧਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋ।।

ਮੌਤ ਤਾਂ ਹਰ ਇੱਕ ਨੂੰ ਅਪਨੀ ਲਪੇਟ ਵਿੱਚ ਅਵੱਸ਼ ਲੈਂਦੀ ਹੈ। ਪਰ ਖਾਲਸਾ ਕਾਇਰਾਂ ਵਾਂਗ ਨਹੀਂ, ਸੂਰਮਿਆਂ ਵਾਂਗ ਮਰਦਾ ਹੈ। ਮਰਦਾ ਨਹੀਂ ਸਗੋਂ ਸ਼ਹੀਦ ਹੁੰਦਾ ਹੈ। ਅਜਿਹੇ ਜਵਾਨਾਂ ਨੂੰ ਪ੍ਰੋ: ਪੂਰਨ ਸਿੰਘ ਨੇ ਮੌਤ ਨੂੰ ਮਖੌਲ ਕਰਨ ਵਾਲੇ ਜਵਾਨ ਆਖਿਆ ਸੀ।

ਖਾਲਸਾ ਸਾਜਣ ਸਮੇਂ ਹਰ ਸਿੱਖ ਨੂੰ ਸਿੰਘ ਦੀ ਪਦਵੀ ਦੇ ਕੇ ਸੰਤ ਸਿਪਾਹੀ ਦੇ ਰੂਪ ਵਿੱਚ ਪ੍ਰਗਟ ਕੀਤਾ ਤਾਂ "ਬਿਨਾ ਤੇਗ ਕੇਸੰ ਦੇਵੇ ਨਾ ਦਿਦਾਰੋ।" ਕਹਿਨ ਵਾਲੇ ਗੁਰੂ ਪਿਤਾ ਨੇ ਤੇਗ ਤਲਵਾਰ ਜਾਂ ਸ਼ਮਸ਼ੀਰ ਨੂੰ *'ਕ੍ਰਿਪਾਨ'* ਦਾ ਨਾਮ ਦੇ ਕੇ ਇਸ ਦੀ ਵਰਤੋਂ ਦੇ ਸਿਧਾਂਤ ਨੂੰ ਅਸਚਰਜ ਰੂਪ ਵਿੱਚ ਦ੍ਰਿੜ ਕਰਾਇਆ। *'ਕ੍ਰਿਪਾ+ਆਨ'* ਦੋ ਸ਼ਬਦਾਂ ਦੇ ਸੰਧੀ ਯੁਕਤ ਸ਼ਬਦ 'ਕ੍ਰਿਪਾਨ' ਖਾਲਸੇ ਦੀ ਪੰਜ ਕਕਾਰੀ ਰਹਿਤ ਦਾ ਵਿਸ਼ੇਸ਼ ਅੰਗ ਬਣਿਆ। ਦੀਨਾਂ ਦੁਖੀਆਂ ਨੂੰ ਵੇਖ ਕੇ ਦਇਆ ਆਈ। ਦਇਆ ਨੇ ਕ੍ਰਿਪਾਲੂ ਬਣਾਇਆ। ਕਿਰਪਾ ਭਾਵਨਾ ਨੇ ਸਿੱਖ ਅੰਦਰ ਪਾਵਨ ਰੋਹ ਨੂੰ ਜਨਮ ਦਿੱਤਾ। ਦੈਵੀ ਰੋਹ ਪ੍ਰਗਟ ਹੋਇਆ ਤਾਂ ਖ਼ਾਲਸੇ ਨੇ ਸ਼ਸਤਰ ਹੱਥ ਵਿੱਚ ਲੈ ਮਜ਼ਲੂਮਾਂ ਨੂੰ ਬਚਾਉਣ ਲਈ ਜ਼ਾਲਮਾਂ ਨਾਲ ਲੋਹਾ ਲਿਆ। ਸ਼ਸਤਰ ਦੀ ਖੜਕਾਰ ਵਿੱਚੋਂ ਕ੍ਰਿਪਾ ਪ੍ਰਗਟ ਹੁੰਦੀ ਰਹੀ।

ਜਦੋਂ ਆਨ ਨੂੰ ਆਂਚ ਲੱਗੇ ਖਾਲਸਾ ਚੁੱਪ ਕਰਕੇ ਨਹੀਂ ਬੈਠ ਸਕਦਾ। ਆਨ ਨਹੀਂ ਤਾਂ ਜਾਨ ਨਹੀਂ, ਮਨੁੱਖ ਜੀਊਂਦਾ ਹੀ ਮੁਰਦਾ ਹੁੰਦਾ ਹੈ। ਜੇ ਹੋਰ ਸਾਧਨ ਕਾਰੀਗਰ ਸਾਬਤ ਨਾ ਹੋਣ ਤਾਂ ਹੁਕਮ ਹੈ ਸਸ਼ਤ੍ਰ ਹੱਥ ਵਿੱਚ ਲੈ ਕੇ ਲਲਕਾਰ ਮਾਰਨ ਦਾ :

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।।
ਹਲਾਲ ਸਤ ਬੁਰਦਨ ਬ ਸ਼ਮਸ਼ੀਰ ਦਸਤ।।
(ਜ਼ਫ਼ਰ ਨਾਮਾ)

ਸਿੱਖ ਦਾ ਸਿਰ ਕੱਟਿਆ ਤਾਂ ਜਾ ਸਕਦਾ ਹੈ ਪਰ ਗੁਰੂ ਤੋਂ ਬਿਨਾਂ ਹੋਰ ਕਿਸੇ ਅੱਗੇ ਝੁੱਕ ਨਹੀਂ ਸਕਦਾ। ਖ਼ਾਲਸਾ ਗੁਰੂ ਦਾ ਆਪਣਾ ਰੂਪ ਹੈ। ਗੁਰੂ ਜੀ ਨੇ ਇਸਨੂੰ ਨਿਆਰਾਪਨ ਬਖ਼ਸ਼ਦਿਆਂ ਆਖਿਆ ਸੀ :

ਜਬ ਲਗ ਖ਼ਾਲਸਾ ਰਹੇ ਨਿਆਰਾ
ਤਬ ਲਗ ਤੇਜ ਦਿਓ ਮੈਂ ਸਾਰਾ।।

ਸਸ਼ਤ੍ਰ ਨੂੰ ਧਾਰਨਾ ਅਤੇ ਦੁਸ਼ਟ ਨੂੰ ਮਾਰਨਾ ਖਾਲਸੇ ਦਾ ਆਦਰਸ਼ ਦੱਸਿਆ ਗਿਆ ਹੈ। ਖ਼ਾਲਸਾ ਗੁਰੂ ਦੇ ਹੁਕਮ ਅਨੁਸਾਰ ਹਰ ਸਮੇਂ ਰਣਭੂਮੀ ਵਿੱਚ ਜ਼ਾਲਮ ਨਾਲ ਟੱਕਰ ਲੈਣ ਲਈ ਤਿਆਰ ਰਹਿੰਦਾ ਹੈ। ਇਸ ਦੀ ਕ੍ਰਿਪਾਨ ਜ਼ਾਲਮ ਦੀ ਤਲਵਾਰ ਦਾ ਮੂੰਹ ਮੋੜਨ ਲਈ ਮਿਆਨ ਵਿੱਚੋਂ ਨਿਕਲਦੀ ਹੈ। ਜੰਗ ਮੱਲਾਂ ਮਾਰਨ ਲਈ ਨਹੀਂ ਹੁੰਦੀ, ਆਨ ਸ਼ਾਨ ਨੂੰ ਬਰਕਰਾਰ ਰੱਖਣ ਲਈ ਹੁੰਦੀ ਹੈ। ਦੁਸ਼ਟਾਂ ਨੂੰ ਸੋਧਦਾ ਹੋਇਆ ਖ਼ਾਲਸਾ ਆਪਾ ਵਾਰ ਜਾਂਦਾ ਹੈ, ਸ਼ਹੀਦ ਹੋ ਜਾਂਦਾ ਹੈ।

ਕ੍ਰਿਪਾਨ ਦਾ ਆਦਰਸ਼ ਸੱਚ ਤੇ ਪਹਿਰਾ ਦੇਣਾ, ਸ੍ਵਾਰਥ ਤਿਆਗ ਪਰਉਪਕਾਰ ਹਿੱਤ ਜੂਝਣਾ, ਨਿਆਂ ਨੂੰ ਸਦਾ ਸਾਹਮਣੇ ਰੱਖਣਾ, ਤੇਗ ਨਾਲ ਵਾਰ ਕਰਕੇ ਵੈਰੀ ਨੂੰ ਪਾਰ ਬਲਾਉਣਾ। ਲੋੜ ਪੈਣ ਤੇ ਢਾਲ ਨਾਲ ਵੈਰੀ ਦੇ ਮੂੰਹ ਉੱਤੇ ਛਾਂ ਕਰਨੀ ਵੀ ਉਸੇ ਦਾ ਕਰਤੱਵ ਹੈ।

ਸੱਚਾ ਸਾਹਿਬ "ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ" ਹੈ। ਕ੍ਰਿਪਾ+ਆਨ ਦਾ ਸੰਯੁਕਤ ਸਰੂਪ ਹੋਣ ਕਰਕੇ ਕ੍ਰਿਪਾਨ, ਸਾਹਿਬ ਵਾਲੇ ਗੁਣਾ ਦੀ ਧਾਰਣੀਯ ਹੈ। ਸਾਹਿਬ ਨਾਲ ਇੱਕ ਰੂਪ ਹੈ। ਇਸੇ ਲਈ ਇਹ *'ਸਿਰੀ ਸਾਹਿਬ'* ਕਹਾਉਂਦੀ ਹੈ। ਸਿੱਖ ਸਰਦਾਰ ਹੈ। ਉਸ ਦੇ ਗਾਤਰੇ ਵਿੱਚ *'ਸਿਰੀ ਸਾਹਿਬ'* ਸ਼ੋਭਦੀ ਹੈ। ਸਿੱਖ ਹਰ ਰੋਜ਼ ਅਰਦਾਸ ਕਰਦਿਆਂ ਆਖਦਾ ਹੈ *'ਸਿਰੀ ਸਾਹਿਬ ਜੀ ਸਹਾਇ'*। ਇਸ ਤਰ੍ਹਾਂ ਕ੍ਰਿਪਾਨ ਜਿਥੇ *'ਕ੍ਰਿਪਾ+ਆਨ'* ਹੈ, ਉੱਥੇ ਸਾਹਿਬ ਰੂਪ ਹੋ ਕੇ ਸਿੱਖ ਦੇ ਅੰਗ ਸੰਗ ਹੈ। ਕਲਗੀਧਰ ਪਾਤਸ਼ਾਹ ਦੀਆਂ ਸ਼ਕਤੀਆਂ ਸਿੱਖ ਵਿੱਚ ਭਰਦੀ ਹੈ। ਸਿਰੀ ਸਾਹਿਬ ਨਾਲੋਂ ਟੁੱਟਿਆ ਖਾਲਸਾ ਖਾਲਸਾ ਨਹੀਂ ਰਹਿੰਦਾ। ਅਜਿਹੇ ਖਾਲਸੇ ਨੂੰ *'ਬਿਪਰਨ ਕੀ ਰੀਤ'* ਵਾਲਾ ਕਹਿ ਕੇ ਆਪਨੇ ਫੁਰਮਾਇਆ ਸੀ :-

ਜਬ ਇਹ ਗਹੇ ਬਿਪਰਨ ਕੀ ਰੀਤ।।
ਮੈ ਨਾ ਕਰਉ ਇਨਕੀ ਪ੍ਰਤੀਤ।।

(ਬਾਕੀ ਪੰਨਾ ੩੭ ਤੇ ..........)



www.AKJ.Org

# ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ

(ਪ੍ਰੋ: ਜੋਗਿੰਦਰ ਸਿੰਘ)

ਦਸ ਗੁਰੂ-ਪਾਤਿਸ਼ਾਹਾਂ ਵਿੱਚੋਂ (ਗੁਰੂ ਹਰਕ੍ਰਿਸ਼ਨ ਸਾਹਿਬ) ਸੰਸਾਰਕ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਉਮਰ ਦੇ ਭੀ ਹਨ ਅਤੇ ਗੁਰੂ ਸਿੰਘਾਸਨ ਉੱਤੇ, ਇੱਕ ਗੁਰੂ ਦੇ ਰੂਪ ਵਿੱਚ ਬਿਰਾਜਮਾਨ ਵੀ ਸਭ ਤੋਂ ਘੱਟ ਸਮਾਂ ਰਹੇ ਹਨ। 7 ਜੁਲਾਈ 1656 ਨੂੰ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਗੁਰੂ ਹਰਿਰਾਏ ਸਾਹਿਬ ਦੇ ਗ੍ਰਿਹਿ, ਕੀਰਤਪੁਰ ਸਾਹਿਬ ਦੀ ਧਰਤੀ ਉੱਤੇ ਹੋਇਆ ਸੀ। 7 ਅਕਤੂਬਰ 1661 ਨੂੰ ਗੁਰੂ *'ਹਰਿਰਾਏ'* ਸਾਹਿਬ ਦੇ ਵੱਡੇ ਸਪੁੱਤਰ ਰਾਮਰਾਇ ਦੇ ਮੁਕਾਬਲੇ ਛੋਟੇ ਸਪੁੱਤਰ *'ਹਰਕ੍ਰਿਸ਼ਨ'* ਜੀ ਨੂੰ ਗੁਰੂ ਸਿੰਘਾਸਨ ਉੱਤੇ ਬਿਠਾ ਪਹਿਲਾਂ ਆਪਣਾ ਗੁਰੂ-ਪਿਤਾ ਪਿਆਰ ਤੇ ਆਪਣੀਆਂ ਅਸੀਸਾਂ ਪ੍ਰਦਾਨ ਕੀਤੀਆ, ਫਿਰ ਗੁਰੂ-ਪਰੰਪਰਾ ਦੇ ਵਿਰਸੇ ਦੀ ਸੰਭਾਲ ਲਈ ਜਾਗਰੂਕ ਕੀਤਾ, ਅਖੀਰ ਸੰਮਕਾਲੀ ਤੇ ਸਰਕਾਰੀ ਗੁਰੂ-ਦੋਖੀਆਂ ਦੀ ਪਛਾਣ ਕਰਵਾ ਕੇ, ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ, ਸਭ ਪਾਸੇ ਇਹ ਐਲਾਨ ਕਰ ਦਿੱਤਾ ਕਿ ਗੁਰੂ ਨਾਨਕ ਰਾਜ-ਸਿੰਘਾਸਨ ਦੇ ਵਾਰਸ ਤੇ ਮਾਲਕ ਰਾਮਰਾਏ ਨਹੀਂ, *'ਗੁਰੂ ਹਰਕ੍ਰਿਸ਼ਨ ਸਾਹਿਬ'* ਹਨ। ਇਹੀ ਗੁਰੂ ਪਰੰਪਰਾ ਦੇ ਅੱਠਵੇਂ ਪਾਤਸ਼ਾਹ ਹਨ, ਇਤਿਹਾਸ ਸਾਖੀ ਹੈ, ਕਿ ਪੰਜ ਸਾਲ ਦੀ ਇਹ ਬਾਲ ਸਖਸ਼ੀਅਤ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਰੂਪ ਵਿੱਚ ਜਦੋਂ ਗੁਰੂ ਸਿੰਘਾਸਨ ਉੱਤੇ ਬਿਰਾਜਮਾਨ ਹੋਏ, ਸਾਰੇ ਭੂ-ਮੰਡਲ ਵਿੱਚ ਜਗ-ਮਗ ਕਰਨ ਲੱਗੇ, ਤਾਂ ਸੰਸਾਰੀ ਸੋਚ ਵਾਲਿਆਂ ਨੇ ਭਰਮ ਭੁਲੇਖਾ ਵੀ ਪ੍ਰਗਟਾਇਆ ਤੇ ਕਿੰਤੂ ਵੀ ਕੀਤਾ, ਕਿ ਇਹ *'ਬਾਲ ਗੁਰੂ'* ਗੁਰੂ ਸਿੰਘਾਸਨ ਦੇ ਆਤਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਕਰਤੱਵਾਂ ਨੂੰ ਪਹਿਲੇ ਗੁਰੂ ਪਾਤਸ਼ਾਹ ਵਾਂਗ ਕਿਵੇਂ ਨਿਬਾਹੇਗਾ ? ਘਰੇਗੀ ਤੇ ਸਰਕਾਰੀ ਵਿਰੋਧ ਤਾਂ ਪਹਿਲੇ ਨਾਲੋਂ ਵੀ ਵੱਧ ਗਿਆ ਹੈ, ਪਰ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਤਿੰਨ ਸਾਲ (1661-64 ਈ:) ਦਾ ਸਮਾਂ ਗੁਰੂ ਸਿੰਘਾਸਨ ਦਾ ਕਰਤੱਵ ਸਹਿਜੇ ਹੀ ਸਪੱਸ਼ਟ ਕਰਦਾ ਹੈ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਆਤਮਿਕ-ਰੰਗ, ਬਿਬੇਕ ਬੁੱਧ-ਪ੍ਰਕਾਸ਼ ਚਿੰਤਨ-ਦ੍ਰਿਸ਼ਟੀ; ਗੁਣ-ਰਾਸਿ ਤੇ ਪਦ-ਪਦਵੀ ਬਿਲਕੁੱਲ ਉਸੇ ਤਰ੍ਹਾਂ ਦੀ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਜਦੋਂ *'ਚੰਡੀ ਦੀ ਵਾਰ'* ਵਿੱਚ ਆਪਣੇ ਪੂਰਬਲੇ ਗੁਰੂ ਪਾਤਸ਼ਾਹਾਂ ਦਾ ਅਭਿਨੰਦਨ ਕਰਨ ਲੱਗਦੇ ਹਨ, ਤਾਂ ਇੰਜ ਜਾਪਦਾ ਹੈ ਕਿ *'ਗੁਰੂ ਹਰਕ੍ਰਿਸ਼ਨ ਸਾਹਿਬ'* ਦਾ *'ਗੁਰੂ ਕਰਤੱਵ ਤੇ ਯੋਗਦਾਨ'* ਉਹਨਾਂ ਦੀ ਪ੍ਰਤੀਬੱਧਤਾ ਦਾ ਵਿਸ਼ੇਸ਼ ਕਾਰਨ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਰ ਗੁਰੂ-ਪਾਤਸ਼ਾਹ ਬਾਰੇ ਅੱਧਾ ਵਾਕ ਉਚਾਰਿਆ ਹੈ, ਪਰ ਗੁਰੂ ਹਰਕ੍ਰਿਸ਼ਨ ਸਾਹਿਬ ਬਾਰੇ ਇੱਕ ਪੂਰਾ ਵਾਕ, ਆਤਮਿਕ, ਸਮਾਜਿਕ ਤੇ ਸਭਿਆਚਾਰਕ ਤੌਰ ਤੇ ਇੰਨਾ ਭਾਵ-ਪੂਰਣ ਤੇ ਚਿਣਾਤਮਕ ਵਾਕ ਉਚਾਰਿਆ ਹੈ, ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿਭਾ ਸਹਿਜੇ ਹੀ ਵੱਡੀ ਵੱਡੀ ਤੇ ਮਾਨਵਤਾ ਦੇ ਇਤਿਹਾਸ ਵਿੱਚ ਅਤਿ ਸਾਰਥਕ ਦਿੱਸਣ ਲੱਗ ਪੈਂਦੀ ਹੈ।

ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਜਨਮ ਤੋਂ ਹੀ ਗੁਰਮਤਿ ਦੀ ਪਛਾਣ ਕਰ ਲਈ ਸੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਜਨਮ ਤੋਂ ਹੀ ਗੁਰੂ-ਪਿਤਾ ਦਾ ਪਿਆਰ, ਮਾਤਾ ਦੀਆਂ ਅਸੀਸਾਂ ਤੇ ਸੰਗਤੀ ਵਾਤਾਵਰਨ ਵਿੱਚੋਂ ਆਪਣੇ ਆਪ ਨੂੰ ਗੁਰੂ-ਰੰਗ, ਨਾਮ-ਰੰਗ ਅਤੇ ਸੱਚ-ਰੰਗ ਵਿੱਚ ਰੰਗ ਲਿਆ ਸੀ। ਗੁਰੂ-ਰੰਗ, ਨਾਮ-ਰੰਗ ਤੇ ਸੱਚ-ਰੰਗ ਨੂੰ ਭਾਰਤੀ ਬੋਲੀ ਵਿੱਚ ਆਤਮਕ ਰੰਗ ਵੀ ਆਖਿਆ ਜਾਂਦਾ ਹੈ। ਆਤਮਕ ਰੰਗ ਵਾਲਾ ਅੰਮ੍ਰਿਤ ਵੇਲੇ ਜਾਗਦਾ ਹੈ, ਨਾਮ ਸਿਮਰਨ ਵਿੱਚ ਜੁੜਦਾ ਹੈ, ਸੰਗਤੀ ਵਾਤਾਵਰਨ ਵਿੱਚ ਸਹਿਜ ਤੇ ਵਿਗਾਸ ਮਾਣਦਾ ਹੈ। ਅੰਦਰੋਂ ਬਾਹਰੋਂ ਰਸਿਕ ਤੇ ਬੈਰਾਗੀ ਹੋ ਜਾਂਦਾ ਹੈ। ਨਿਮਰਤਾ, ਮਿੱਠਤ ਤੇ ਸੇਵਾ ਉਸ ਦਾ ਗੁਣ-ਵਿਹਾਰ ਬਣ ਜਾਂਦਾ ਹੈ। ਹਉਮੈ-ਹੰਕਾਰ, ਲੋਭ-ਲਾਲਚ, ਭਰਮ, ਪਾਖੰਡ, ਪਾਪ ਤੇ ਦੋਖ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲ ਉਮਰ ਤੇ ਗੁਰੂ-ਕਾਲ ਵਿੱਚ ਵੀ ਅੰਮ੍ਰਿਤ ਵੇਲੇ ਜਾਗਦੇ, ਬਾਣੀ ਅਭਿਆਸ ਵਿੱਚ ਜੁੜਦੇ, ਸੰਗਤੀ ਵਾਤਾਵਰਨ ਵਿੱਚ ਬੈਠ ਪਹਿਲਾਂ ਗੁਰੂ-ਪਿਤਾ ਕੋਲੋਂ ਪੂਰਬਲੇ ਗੁਰੂ-ਪਾਤਸ਼ਾਹ ਦਾ ਸਾਖੀ ਇਤਿਹਾਸ ਤੇ ਗੁਰਬਾਣੀ ਉਪਦੇਸ਼ ਸੁਣਦੇ ਤੇ ਗੁਰੂ ਸਿੰਘਾਸਨ ਉੱਤੇ ਬਿਰਾਜਮਾਨ ਹੋਣ ਪਿਛੋਂ ਆਪ ਵੀ ਇਸੇ ਨਿਯਮ ਅਨੁਸਾਰ ਗੁਰੂ-ਦਰਬਾਰ ਦਾ ਕਾਰਜ ਕਰਮ ਨਿਭਾਉਂਦੇ ਰਹੇ। ਅਸਲ ਵਿੱਚ ਇਹੀ ਆਤਮਕ ਰੰਗ ਸੀ, ਜ਼ਿਸ ਨੇ ਬਾਲ ਉਮਰ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰੂ ਸਿੰਘਾਸਨ ਉੱਤੇ ਬੈਠਣ ਨਾਲ ਗੁਰੂ ਪਾਤਸ਼ਾਹ ਦੇ ਮਾਣ ਤੇ ਪ੍ਰਭਾਵ



www.AKJ.Org

ਨੂੰ ਘਟਣ ਨਾ ਦਿੱਤਾ ਅਤੇ ਨਾ ਹੀ ਸਿੱਖ ਸੰਗਤਾਂ ਨੂੰ ਕਿਸੇ ਨਿਰਾਸ਼ਾ ਜਾਂ ਉਦਾਸੀ ਵੱਲ ਜਾਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਦਰਬਾਰ ਦੀ ਸਾਰੀ ਕਿਰਿਆ ਨੂੰ ਕੇਵਲ ਗੁਰੂ-ਮਰਿਯਾਦਾ ਅਨੁਸਾਰ ਚਲਾਇਆ ਹੀ ਨਹੀਂ, ਸਗੋਂ ਬਿਬੇਕ ਬੁਧਿ ਦਾ ਐਸਾ ਪ੍ਰਕਾਸ਼ ਤੇ ਪਰਸ਼ਾਦ ਵਰਤਾਂਦੇ ਕਿ ਸਿੱਖ ਸੰਗਤਾਂ ਬੰਧਨਾਂ ਤੋਂ ਬੇਪਰਵਾਰ ਹੋਣ ਲੱਗ ਪਈਆਂ ਤੇ *'ਆਤਮਕ ਬਲ'* ਗੁਰੂ ਤੇ ਗੁਰੂ ਦਰਬਾਰ ਦਾ ਪਛਾਣ ਚਿੰਨ੍ਹ ਬਣ ਗਿਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰੂ ਸਿੰਘਾਸਨ ਉੱਤੇ ਬਿਰਾਜਮਾਨ ਹੋਣ ਵੇਲੇ ਉਮਰ ਭਾਵੇਂ ਪੰਜ ਸਾਲ ਹੈ, ਪਰ ਉਹਨਾਂ ਦਾ ਹਿਰਦਾ, ਚਿੰਤਨ ਤੇ ਵਿਹਾਰ-ਬਿਬੇਕ ਬੁੱਧ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਬਿਬੇਕ ਬੁੱਧ ਦੇ ਪ੍ਰਕਾਸ਼ ਕਾਰਨ ਹੀ ਗੁਰੂ ਹਰਿਰਾਏ ਸਾਹਿਬ ਨੇ ਵੱਡੇ ਪੁੱਤਰ ਰਾਮਰਾਇ ਨੂੰ ਤ੍ਰਿਸਕਾਰ ਕੇ ਛੋਟੇ ਪੁੱਤਰ *'ਹਰਿਕ੍ਰਿਸ਼ਨ ਜੀ'* ਨੂੰ ਗੁਰੂ ਸਿੰਘਾਸਨ ਲਈ ਯੋਗ ਤੇ ਲਾਇਕ ਸਵੀਕਾਰ ਕੀਤਾ ਸੀ। ਗੁਰੂ ਪਰੰਪਰਾ ਵਿੱਚ ਪ੍ਰਵਾਨਗੀ ਦਾ ਨਿਸ਼ਾਨ ਹਮੇਸ਼ਾਂ ਉਸ ਨੂੰ ਪ੍ਰਾਪਤ ਹੋਇਆ ਜਿਸ ਦਾ ਅੰਦਰ ਬਾਹਰ ਬਿਬੇਕ ਬੁੱਧ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਹੈ। ਬਿਬੇਕ ਬੁੱਧ ਵਾਲਾ ਨਿਰਵੈਰ ਵੀ ਹੁੰਦਾ ਹੈ ਤੇ ਨਿਰਭਉ ਵੀ ਹੁੰਦਾ ਹੈ। *'ਸੱਚ'* ਉਸ ਦਾ ਪ੍ਰਥਮ ਪਛਾਣ ਗੁਣ ਹੁੰਦਾ ਹੈ। ਝੂਠੀ ਖੁਸ਼ਾਮਦ ਕਰਨਾ, ਲੋਭ ਲਾਲਚ ਅਧੀਨ ਗੁਲਾਮੀ ਸਵੀਕਾਰ ਕਰਨਾ, ਸਮਕਾਲੀ ਰਾਜ ਸਤਾ ਤੇ ਹਾਕਮਾਂ ਨਾਲ ਰਾਜਸੀ ਸਮਝੌਤਾ ਕਰਨਾ, ਪਦਵੀ ਦੀ ਪ੍ਰਾਪਤੀ ਲਈ ਸਾਜਸ਼ਾਂ ਰਚਣੀਆਂ ਤੇ ਕਰਾਮਾਤਾਂ ਦਾ ਦਿਖਾਵਾ ਕਰਨਾ, ਇਹ ਸਭ ਕੁੱਝ ਬਿਬੇਕ ਬੁੱਧ ਵਾਲੇ ਤੇ ਸੱਚੇ ਰਾਜੇ ਨੂੰ ਨਾ ਪਸੰਦ ਹੁੰਦਾ ਹੈ ਤੇ ਨਾ ਹੀ ਪ੍ਰਵਾਨ ਹੁੰਦਾ ਹੈ। ਗੁਰੂ ਸਿੰਘਾਸਨ ਉੱਤੇ ਬੈਠਣ ਲਈ ਪਿਤਾ ਗੁਰੂ ਹਰਿਰਾਏ ਸਾਹਿਬ ਦੇ ਹੁੰਦਿਆਂ ਵੀ ਰਾਮਰਾਇ ਨੇ ਐਸੇ ਨੀਵੇਂ, ਹੋਛੇ ਤੇ ਕਪਟੀ ਕਿਰਦਾਰ ਦਾ ਪ੍ਰਗਟਾਵਾ ਕੀਤਾ। ਇਸ ਬਿਬੇਕਹੀਨ ਕਿਰਦਾਰ ਕਾਰਨ ਹੀ ਗੁਰੂ ਹਰਿਰਾਏ ਸਾਹਿਬ ਨੇ ਰਾਮਰਾਇ ਨੂੰ ਐਨਾ ਤ੍ਰਿਸਕਾਰਿਆ, ਦੁਰਕਾਰਿਆ ਤੇ ਫਟਕਾਰਿਆ ਕਿ ਉਸ ਨੂੰ ਆਪੇ ਸੰਦੇਸ਼ਾਂ ਭੇਜਿਆ ਕਿ *'ਰਾਮਰਾਇ ਜਿੱਧਰ ਤੇਰਾ ਮੂੰਹ ਹੈ ਉੱਧਰ ਚਲਾ ਜਾਹ, ਮੇਰੇ ਮੱਥੇ ਨਾ ਲੱਗੀਂ।'* ਗੁਰੂ ਹਰਿਰਾਏ ਸਾਹਿਬ ਦੇ ਇਹ ਬੋਲ ਉਹਨਾਂ ਦੇ ਬਿਬੇਕ ਬੁੱਧ ਸਖਸ਼ੀਅਤ ਦੇ ਪ੍ਰਤੀਕ ਵੀ ਹਨ ਅਤੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਲਈ ਗੁਰੂ ਪਰੰਪਰਾ ਵਿੱਚ ਰਹਿਣ ਲਈ ਆਦੇਸ਼ ਵੀ ਹਨ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਸਿੰਘਾਸਨ ਉੱਤੇ ਬੈਠ ਕੇ ਜਿੱਥੇ ਬਿਲਕੁੱਲ ਸਚਿਆਰਾ, ਨਿਰਭਉ ਤੇ ਨਿਰਵੈਰ ਚਰਿੱਤਰ ਦਾ ਪ੍ਰਗਟਾਵਾ ਕੀਤਾ, ਉਥੇ ਗੁਰੂ ਕਾਲ ਵਿੱਚ ਨਾ ਸਮਕਾਲੀ ਰਾਜ-ਸੱਤਾ ਨਾਲ ਕੋਈ ਰਾਜਸੀ ਸਮਝੌਤਾ ਕੀਤਾ, ਨਾ ਪ੍ਰਾਧੀਨਤਾ ਸਵੀਕਾਰੀ, ਨਾ ਖੁਸ਼ਾਮਦ ਕੀਤੀ ਅਤੇ ਨਾ ਹੀ ਖੁਸ਼ਾਮਦੀ ਨੂੰ ਨੇੜੇ ਲੱਗਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਸਿੰਘਾਸਨ ਦਾ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ, ਸਾਰਾ ਕਾਰਜ ਗੁਰੂ ਪਰੰਪਰਾ ਦੀ ਗੁਰੂ ਮਰਯਾਦਾ ਅਨੁਸਾਰ ਹੀ ਕੀਤਾ।

ਗੁਰੂ-ਸਿੰਘਾਸਨ ਉੱਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜਿਥੇ ਪਿਤਾ ਗੁਰੂ ਹਰਿਰਾਇ ਜੀ ਨੇ ਆਪਣਾ ਪਿਆਰ ਦਿੱਤਾ, ਅਸੀਸਾਂ ਪ੍ਰਦਾਨ ਕੀਤੀਆਂ, ਪਰੰਪਰਾਗਤ ਰੂਪ ਵਿੱਚ ਕੁੱਝ ਆਦੇਸ਼ ਵੀ ਕੀਤੇ, ਉਥੇ ਇੱਕ ਵਰਦਾਨ ਵੀ ਦਿੱਤਾ, ਅਰਥਾਤ ਜਿਹੜਾ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਕਰੇਗਾ, ਉਸ ਦੇ *'ਸਭ ਦੁੱਖ'* ਕੱਟੇ ਜਾਣਗੇ ਹੀ ਨਹੀਂ, ਸਗੋਂ ਉਸ ਦੇ ਕਲੇਸ਼ ਤੇ ਸੰਕਟ ਵੀ ਮੁੱਕ ਜਾਣਗੇ। ਇਤਿਹਾਸਕ ਗ੍ਰੰਥਾਂ ਨੇ ਇਸ 'ਵਰਦਾਨ' ਨੂੰ ਹੇਠਲੇ ਵਾਕ-ਅੰਸ਼-

'ਨਹਿ ਦਰਸਹਿ ਦਰਸਾਵਹਿ'

ਰਾਹੀਂ ਉਜਾਗਰ ਕੀਤਾ ਹੈ। 'ਨਹਿ ਦਰਸਹਿ' ਸੰਕੇਤ ਹੈ-ਰਾਮਰਾਇ ਪ੍ਰਤੀ। ਗੁਰੂ ਹਰਿਰਾਇ ਸਾਹਿਬ ਦਾ ਆਦੇਸ਼ ਹੀ ਨਹੀਂ, ਸਾਰੇ ਸਿੱਖਾਂ ਪ੍ਰਤੀ ਹੁਕਮ ਵੀ ਸੀ ਕਿ ਰਾਮਰਾਇ ਦੇ ਦਰਸ਼ਨ ਨਹੀਂ ਕਰਨੇ, ਉਸ ਦੀਆਂ ਭੇਜੀਆਂ ਭੇਟਾਵਾਂ ਤੇ ਸਿਰੋਪਾਉ ਸਵੀਕਾਰ ਨਹੀਂ ਕਰਨੇ। 'ਦਰਸਾਵਹਿ' ਪਦ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਵਰਦਾਨ ਦਾ ਪ੍ਰਤੀਕ ਹੈ ਕਿ ਉਨ੍ਹਾਂ ਦੇ ਦਰਸ਼ਨ-ਦੀਦਾਰ ਨਾਲ *'ਸਭੇ ਦੁੱਖ, ਕਲੇਸ਼, ਤੇ ਸੰਕਟ'* ਮੁੱਕ ਜਾਣਗੇ। ਗੁਰੂ ਪਾਤਸ਼ਾਹ ਨੂੰ ਵੇਖ ਕੇ, ਸਮੁੱਚੇ ਜੀਵਨ-ਵਿਹਾਰ ਵਿੱਚ ਗੁਰੂ ਪਾਤਸ਼ਾਹ ਵਰਗਾ ਹੋ ਜਾਣ ਨਾਲ ਨਿਸਚੇ ਹੀ ਦੁੱਖ, ਕਲੇਸ਼ ਤੇ ਸੰਕਟ ਮਿਟ ਜਾਂਦੇ ਹਨ। ਗੁਰਬਾਣੀ ਦੀ ਸਪੱਸ਼ਟ ਗੁਆਹੀ ਹੈ-

1. ਸਤਿਗੁਰ ਕਾ ਦਰਸਨੁ ਸਫਲੁ ਹੈ
ਜੇਹਾ ਕੋ ਇਛੇ ਤੇਹਾ ਫਲੁ ਪਾਇ।
ਗੁਰ ਕਾ ਸਬਦੁ ਅੰਮ੍ਰਿਤੁ ਹੈ
ਸਭ ਤ੍ਰਿਸਨਾ ਭੁਖ ਗਵਾਏ।(ਮ: ੩, ਪੰਨਾ ੮੫੦)

2. ਅਉਖਦ ਆਏ ਰਾਸਿ ਵਿਚਿ ਆਪ ਖਲੋਇਆ।
ਜੋ ਜੋ ਓਨਾ ਕਰਮ


www.AKJ.Org

ਸੁਕਰਮ ਹੋਇ ਪਸਰਿਆ।।
ਹਰਿਹਾਂ ਦੂਖ ਰੋਗ ਸਭਿ ਪਾਪ
ਤਨਿ ਤੇ ਖਿਸਰਿਆ।। (ਪੰਨਾ ੧੩੬੩)

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ ਕਾਲ ਵਿੱਚ ਐਸੀ *'ਘਾਲਿ-ਕਮਾਈ'* ਪ੍ਰਾਪਤ ਕਰ ਲਈ ਸੀ ਕਿ ਜਿਹੜਾ ਵੀ ਉਹਨਾਂ ਦੇ ਦਰਸ਼ਨ ਦੀਦਾਰ ਕਰਦਾ, ਉਹ *'ਸਭਿ ਦੁਖਿ'* ਦੀ ਪੀੜਾ ਤੋਂ ਸਹਿਜੇ ਹੀ ਸੁਤੰਤਰ ਹੋ ਜਾਂਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ *'ਗੁਰੂ-ਕਾਲ-ਜੀਵਨ'* ਸਾਖੀ ਹੈ ਕਿ ਉਹਨਾਂ ਨੇ ਅਨੇਕਾਂ ਹੀ ਦੁਖਿਤ ਤੇ ਪੀੜਿਤ ਜੀਵਾਂ ਨੂੰ ਆਤਮਕ, ਮਾਨਸਕ ਤੇ ਸਰੀਰਕ ਸੁੱਖ-ਸ਼ਾਂਤੀ ਪ੍ਰਦਾਨ ਕੀਤੀ। ਇਥੋਂ ਤੱਕ ਕਿ ਦਿੱਲੀ ਵਿੱਚ ਫੈਲੇ ਚੀਚਕ ਦੇ ਰੋਗ ਤੋਂ ਲੋਕਾਂ ਨੂੰ ਬਚਾਉਣ ਵਾਸਤੇ ਆਪਣਾ ਸਰੀਰ ਵੀ *'ਮਾਨਵ-ਸੇਵਾ'* ਨਮਿੱਤ ਭੇਟ ਚੜ੍ਹਾ ਦਿੱਤਾ। ਇਸ ਕੁਰਬਾਨੀ, ਇਸ ਯੋਗਦਾਨ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ-ਸੁਰ ਵਿੱਚ ਇੱਕ ਸੁਰ ਹੋ ਕੇ, ਇਹ ਗਾਇਆ ਹੋਵੇਗਾ-

ਸ੍ਰੀ ਹਰਿਕਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।।

ਦਸ ਗੁਰੂ-ਪਾਤਸ਼ਾਹਾਂ ਦੇ ਮਨ, ਬਚਨ ਤੇ ਕਰਮ ਤੋਂ, ਖਾਸ ਕਰਕੇ ਗੁਰੂ-ਬਾਣੀ ਤੇ ਗੁਰੂ-ਇਤਿਹਾਸ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਪਰੰਪਰਾ ਸ਼ੁਧ ਰੂਪ ਵਿੱਚ *'ਧਰਮ'* ਨੂੰ ਸਥਾਪਤ ਤੇ ਉਜਾਗਰ ਕਰਨ ਲਈ ਹੀ, ਪ੍ਰਕਾਸ਼ ਰੂਪ ਵਿੱਚ ਇਸ ਲੋਕ ਵਿੱਚ ਪ੍ਰਗਟ ਹੋਏ ਸੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿੱਚ ਪਠਾਈ ਸੀ, ਤਾਂ ਜੋ ਧਰਮ-ਦੋਖੀਆਂ ਤੇ ਧਰਮ ਸੱਚ ਆਧਾਰ ਵਿੱਚ ਜੋ ਗਿਰਾਵਟ ਤੇ ਭ੍ਰਿਸ਼ਟਾਚਾਰ ਆ ਚੁੱਕਾ ਸੀ, ਉਸ ਨੂੰ ਪਛਾਣ ਕੇ ਮਾਨਵਤਾ ਨੂੰ ਸਰਬ ਵੰਡਾਂ, ਰੋਗਾਂ ਤੇ ਭ੍ਰਿਸ਼ਟ ਆਦਤਾਂ ਤੋਂ ਹਟਾ ਕੇ ਉਸ ਨੂੰ ਮਹਾਂ ਪੁਰਖ, ਸੁਜਾਣ ਪੁਰਖ, ਪ੍ਰਮਾਣ ਪੁਰਖ ਤੇ ਦੇਵਤਾ ਸਿਰਜਿਆ ਜਾ ਸਕੇ। ਗੁਰੂ ਪਰੰਪਰਾ ਦਾ ਸਾਰਾ ਜੀਵਨ ਹੀ ਨਹੀਂ, ਸਾਰਾ ਬਲ ਵੀ ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸਮਰਪਿਤ ਸੀ। ਇਸ ਧਰਮ ਆਦਰਸ਼ ਦੀ ਪੂਰਤੀ ਵਾਸਤੇ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਗੁਰੂ ਪਰੰਪਰਾ ਵੱਲ ਧਰਮ ਦੇ ਪ੍ਰਸੰਗ ਵਿੱਚ ਜੋ ਕੁੱਝ ਵੀ ਸਿਰਜਿਆ-ਸੰਵਾਰਿਆ ਤੇ ਸਥਾਪਤ ਕੀਤਾ ਜਾ ਰਿਹਾ ਸੀ, ਉਹ ਸਾਰੇ ਦਾ ਸਾਰਾ ਮਾਨਵ ਜੀਵਨ ਨੂੰ ਧਰਮੀ ਤੇ ਆਕਰਸ਼ਕ ਸਿਰਜਣ ਵਾਸਤੇ ਹੀ ਸੀ ਅਤੇ ਧਰਮ ਤੇ ਮਾਨਵ ਕੀਮਤਾਂ ਹੀ ਉਸ ਗੁਰੂ ਪਰੰਪਰਾ ਦਾ ਕੇਂਦਰ ਬਿੰਦੂ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਧਰਮ ਦੀ ਸ਼ੁੱਧ ਭਾਵਨਾ ਨਾਲ ਜੁੜੇ ਰਹਿਣ ਲਈ ਜਿੱਥੇ ਆਪਣੇ ਸਿੱਖਾਂ ਨੂੰ *'ਹੁਕਮਨਾਮੇ'* ਭੇਜੇ, ਉੱਥੇ ਉਹਨਾਂ ਨੇ ਧਰਮ-ਦੋਖੀਆਂ ਤੇ ਧਰਮ-ਵਿਰੋਧੀ ਕੂੜ-ਕਿਰਿਆ ਨੂੰ ਪੂਰੇ ਜ਼ੋਰ ਨਾਲ ਨਿਖੇਧਿਆ, ਜਿਵੇਂ ਸਾਰੀ ਗੁਰੂ ਪਰੰਪਰਾ ਜਾਤਿ-ਪਾਤਿ, ਉੱਚੇ ਨੀਵੇਂ ਤੇ ਅਮੀਰ ਗਰੀਬ ਦੀ ਵੰਡ ਨੂੰ ਪਸੰਦ ਨਹੀਂ ਸੀ ਕਰਦੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਵਰਣ-ਆਸ਼ਰਮ ਤੇ ਜਾਤਿ-ਪਾਤਿ ਦੀਆਂ ਵੰਡਾਂ ਨੂੰ *'ਕੋੜ੍ਹ'* ਕਹਿ ਕੇ ਜੜ੍ਹੋਂ ਪੁੱਟਣ ਦਾ ਨਿਰੰਤਰ ਯਤਨ ਕਰਦੇ ਰਹੇ। ਇਤਿਹਾਸ ਸਾਖੀ ਹੈ ਕਿ ਬਿਬੇਕ ਬੁਧਿ-ਪ੍ਰਕਾਸ਼ ਪ੍ਰਦਾਨ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਡਤ ਅਤੇ ਮਾਹੀ ਵਿੱਚ ਅੰਤਰ (ਫਰਕ) ਨਹੀਂ ਜਾਤਾ। ਮਾਨਵ ਰੂਪ ਵਿੱਚ ਹਰ ਕੋਈ ਗਿਆਨ ਪ੍ਰਾਪਤ ਕਰ ਸਕਦਾ ਹੈ, *ਗਿਆਨ ਵੇਦਾਂ ਦਾ ਹੋਵੇ ਜਾਂ ਗੀਤਾ ਦਾ।* ਸਮਕਾਲੀ ਜੀਵਨ ਵਿੱਚ ਕੁੜੀ ਮਾਰਨੀ, ਤੰਮਾਕੂ ਨੋਸ਼ੀ, ਜੂਆ ਖੇਡਣਾ ਤੇ ਸ਼ਰਾਬ ਪੀਣੀ, ਇਹ ਮੰਦ ਆਦਤਾਂ ਬੜੀਆਂ ਵਿਆਪਕ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੀ ਪ੍ਰਚਾਰ-ਯਾਤਰਾ ਵਿੱਚ ਖੁੱਲ੍ਹੇ ਤੌਰ ਤੇ ਆਖਦੇ ਕਿ ਇਹ ਮੰਦ ਆਦਤਾਂ ਧਰਮ-ਵਿਰੋਧੀ ਹਨ, ਤੁਹਾਡੇ ਧਰਮੀ ਬਣਨ ਵਿੱਚ ਰੁਕਾਵਟ ਹਨ, ਇਹਨਾਂ ਨੂੰ ਤਿਆਗੋ। ਗੁਰੂ ਸਾਹਿਬ ਨੇ ਇੱਥੋਂ ਤੱਕ ਆਦੇਸ਼ ਦਿੱਤੇ ਸਨ ਕਿ ਮੰਦ-ਆਦਤਾਂ ਵਾਲਾ ਖਾਸ ਕਰਕੇ *'ਕੁੜੀ ਮਾਰ'* ਸੰਗਤ ਵਿੱਚ ਨਹੀਂ ਬੈਠ ਸਕਦਾ। ਗੁਰੂ ਹਰਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ ਪਿਤਾ ਦੇ ਆਦੇਸ਼ ਅਨੁਸਾਰ ਧਰਮ-ਦੋਖੀ ਧੀਰਮਲ ਤੇ ਰਾਮਰਈਆਂ ਨੂੰ ਵੀ ਨਾ ਗੁਰੂ ਦਰਬਾਰ ਦੇ ਨੇੜੇ ਲੱਗਣ ਦਿੱਤਾ ਅਤੇ ਨਾਂ ਹੀ ਰੋਟੀ-ਬੇਟੀ ਦੀ ਕੋਈ ਸਾਂਝ ਰੱਖੀ। ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਜਿਹੜੇ ਪੀੜ੍ਹੀ ਦਰ ਪੀੜ੍ਹੀ ਧਰਮ ਪ੍ਰਚਾਰ ਅਤੇ ਗੋਲਕ ਭੇਜਣ ਲਈ ਮਸੰਦ ਸਥਾਪਿਤ ਸਨ, ਗੁਰੂ ਹਰਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨਾਲ ਵੀ ਪੂਰਾ ਮੇਲ-ਮਿਲਾਪ ਰੱਖਿਆ, ਜਿਨ੍ਹਾਂ ਮਸੰਦਾਂ ਬਾਰੇ ਗੁਰੂ-ਦਰਬਾਰ ਵਿੱਚ ਸ਼ਿਕਾਇਤਾਂ ਸਨ, ਗੁਰੂ ਹਰਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨੂੰ ਠੀਕ ਹੋਣ ਵਾਸਤੇ ਕੇਵਲ ਚੇਤਾਵਨੀਆਂ ਹੀ ਨਾ ਭੇਜੀਆਂ ਸਗੋਂ ਸੋਧਣ ਵਾਸਤੇ ਵੀ ਪ੍ਰਬੰਧ ਕੀਤੇ। ਗੁਰੂ ਪਰੰਪਰਾ ਤੋਂ ਸਿੱਖ ਲਹਿਰ ਨੂੰ ਸਥਾਪਤ ਕਰਨ ਅਤੇ ਵਿਗਸਿਤ ਕਰਨ ਵਿੱਚ ਗੁਰੂ ਹਰਕ੍ਰਿਸ਼ਨ ਸਾਹਿਬ ਦਾ



www.AKJ.Org

ਯੋਗਦਾਨ ਕਿਸੇ ਤਰ੍ਹਾਂ ਵੀ ਘੱਟ ਨਹੀਂ।

ਗੁਰੂ-ਸਿੰਘਾਸਨ ਕਰਤਾਰਪੁਰ ਵਿੱਚ ਸੀ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਕੀਰਤਪੁਰ ਜਾਂ ਦਿੱਲੀ ਵਿੱਚ, ਗੁਰੂ-ਪਾਤਿਸ਼ਾਹ ਜਿੱਥੇ ਵੀ ਬਿਰਾਜਦੇ, ਉਹ ਸਥਾਨ ਸਹਿਜੇ ਹੀ ਪਾਵਨ ਤੇ ਪਵਿੱਤਰ ਹੋ ਜਾਂਦੇ। ਦਿੱਲੀ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਤਿਹਾਸਕ ਯਾਦਾਂ ਵੀ ਹਨ ਪਰ ਜੋ ਜਸ, ਮਹਿਮਾ ਤੇ ਪ੍ਰਭਾਵ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿੱਚ ਸਥਿਤ *'ਗੁਰਦੁਆਰਾ ਬੰਗਲਾ ਸਾਹਿਬ'* ਦਾ ਹੈ, ਉਸ ਦਾ ਆਪਣਾ ਹੀ ਇਤਿਹਾਸਕ ਮਹੱਤਵ ਹੈ। ਇਹ ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੀ ਹੈ ਜਿਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ-ਦੀਦਾਰ ਵੀ ਦਿੱਤੇ, ਗੁਰੂ-ਬਾਣੀ-ਉਪਦੇਸ਼ ਸੁਣਾ ਸੁਣਾ ਲੋਕਾਂ ਨੂੰ ਸੁੱਖ, ਸ਼ਾਂਤੀ ਤੇ ਸਹਿਜ ਵੀ ਪ੍ਰਦਾਨ ਕੀਤਾ, ਅੰਮ੍ਰਿਤ ਜਲ ਪਿਲਾ ਸਭਿ ਦੁਖਿ ਤੋਂ ਮੁਕਤ ਵੀ ਕੀਤਾ। ਇਤਿਹਾਸਕਾਰ ਸਾਖੀ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਇੰਨਾ ਪ੍ਰਭਾਵ ਵਧਿਆ ਕਿ ਰਾਜ-ਸੱਤਾ ਦਾ ਮੁਖ-ਅਧਿਕਾਰੀ *'ਔਰੰਗਾ'* ਵੀ ਇੱਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਤੇ ਮੇਲ-ਮੁਲਾਕਾਤ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਦਹਿਲੀਜ਼ ਉਤੇ ਅੱਧੀ ਘੜੀ ਖੜ੍ਹਾ ਰਿਹਾ ਪਰ ਗੁਰੂ ਪਾਤਿਸ਼ਾਹ ਨੇ ਧਰਮ-ਦੋਖੀ ਹੋਣ ਕਰ ਕੇ ਦਰਸ਼ਨ ਦੇਣ ਤੋਂ, ਮੁਲਾਕਾਤ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਨੇ ਭਾਵੇਂ ਕਈ ਯਤਨ ਕੀਤੇ ਪਰ ਇਹ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ ਪਰੰਪਰਾ ਅਨੁਸਾਰ ਰਾਜ-ਸੱਤਾ ਦੇ ਅਧਿਕਾਰੀਆਂ ਨਾਲ ਕੋਈ ਸਾਂਝ-ਸਮਝੌਤਾ ਨਾ ਕੀਤਾ। 30 ਮਾਰਚ, 1664 ਈ: ਨੂੰ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣਾ ਸਰੀਰਕ ਕਾਲ ਨੇੜੇ ਜਾਤਾ ਤਾਂ ਦਿੱਲੀ ਤੋਂ ਹੀ ਉਨ੍ਹਾਂ ਨੇ *'ਬਾਬਾ ਬਕਾਲਾ'* ਦਾ ਸੰਕੇਤ ਦੇ ਕੇ, ਗੁਰੂ ਸਿੰਘਾਸਨ ਦੇ ਨਾਵੇਂ ਪਾਤਿਸ਼ਾਹ-ਗੁਰੂ ਤੇਗ ਬਹਾਦਰ ਜੀ ਦੀ ਚੋਣ ਕੀਤੀ ਸੀ। ਗੁਰੂ ਸਿੰਘਾਸਨ ਲਈ ਗੁਰੂ ਤੇਗ ਬਹਾਦਰ ਜੀ ਦੀ ਚੋਣ ਨਿਸਚੇ ਹੀ ਸਰਬ ਪਖੋਂ ਯੋਗ ਵੀ ਸੀ, ਗੁਰੂ ਪਰੰਪਰਾ ਤੇ ਸਿੱਖ ਲਹਿਰ ਨੂੰ ਸੰਭਾਲਣ ਤੇ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਵੀ ਸੀ। ਗੁਰੂ ਪਰੰਪਰਾ ਤੇ ਸਿੱਖ ਲਹਿਰ ਨੂੰ ਯੋਗ, ਲਾਇਕ ਤੇ ਸਮਰੱਥ *'ਗੁਰੂ-ਆਗੂ'* ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿੱਚ ਪ੍ਰਦਾਨ ਕਰਨਾ, ਇਹ ਅਸ਼ਟਮ ਬਲਬੀਰਾ-ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪਰੰਪਰਾਗਤ ਰੂਪ ਵਿੱਚ ਪ੍ਰਦਾਨ ਬਿਬੇਕ ਯੋਗਦਾਨ ਵੀ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ *'ਗੁਰੂ-ਸਿੰਘਾਸਨ ਕਾਲ'* ਭਾਵੇਂ ਬਹੁਤ ਘੱਟ ਹੈ ਪਰ ਉਹਨਾਂ ਦੀ ਪੱਦ-ਪਦਵੀ ਤੇ ਯੋਗਦਾਨ ਪੂਰਬਲੇ ਗੁਰੂ ਪਾਤਿਸ਼ਾਹਾਂ ਵਾਂਗ ਹੀ ਵੱਡਾ ਤੇ ਪ੍ਰਭਾਵਸ਼ਾਲੀ ਹੈ।

(ਪੰਨਾ ੩੩ ਦਾ ਬਾਕੀ........)

ਗੁਰੂ ਦੀ ਪ੍ਰਤੀਤ ਹੀ ਨਾ ਰਹੇ ਤਾਂ ਨਾ ਖਾਲਸਾ ਰਿਹਾ ਨਾ ਖਾਲਸੇ ਦੀ ਸ਼ਕਤੀ।

*'ਪੰਥ ਕੀ ਜੀਤ'* ਦਾ ਅਧਾਰ ਵੀ ਸਿਰੀ ਸਾਹਿਬ ਹੈ ਅਤੇ ਖਾਲਸਾ ਜੀ ਕੇ ਬੋਲ ਬਾਲੇ ਵੀ ਇਸੇ ਦੁਆਰਾ ਹੋ ਸਕਦੇ ਹਨ। ਅਰਦਾਸ ਕਰਨ ਵੇਲੇ ਸਿੱਖ *'ਭਗੌਤੀ'* ਨੂੰ ਇਸ਼ਟ ਰੂਪ ਵਿਚ ਸਿਮਰਦਾ ਹੈ, ਜੋ ਕ੍ਰਿਪਾਨ ਅਥਵਾ *'ਸਿਰੀ ਸਾਹਿਬ'* ਦਾ ਦੂਜਾ ਰੂਪ ਹੈ। ਕ੍ਰਿਪਾਨ 'ਦੁਸਟ ਦੋਖੀਅਨਿ ਪਕਰਿ ਪਛਾਰੋ' ਦਾ ਆਦਰਸ਼ ਪੂਰਾ ਕਰਦੀ ਹੈ। ਕਰਤਾਰ ਨੇ ਇਸ ਨੂੰ ਆਪਣੀ ਹੀ ਸ਼ਕਤੀ ਪ੍ਰਦਾਨ ਕੀਤੀ ਹੈ, ਆਪਣੇ ਹੀ ਗੁਣ ਬਖਸ਼ੇ ਹਨ। ਇਸ ਲਈ ਇਹ ਵੀ ਆਪਣੇ ਸਿਰਜਣਹਾਰ ਵਾਂਗ 'ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ' ਦਾ ਰੂਪ ਧਾਰਦੀ ਹੈ। ਫੁਰਮਾਨ ਹੈ :-

ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰਬੰਡੰ।।
ਭੁਜਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤਿ ਅਮੰਡੰ, ਭਾਨ ਪ੍ਰਭੰ।।
ਸੁਖ ਸੰਤਾ ਕਰਣੰ, ਦੁਰਮਤਿ ਦਰਣੰ,
ਕਿਲਬਿਖ ਹਰਣੰ, ਅਸ ਸਰਣੰ।।
ਜੈ ਜੈ ਜਗ ਕਾਰਣ, ਸ੍ਰਿਸਟ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ।।

ਤੇਗ ਦੀ ਜੈ, ਵਾਹਿਗੁਰੂ ਜੀ ਕੀ ਫਤਹ ਹੈ। ਵਾਹਿਗੁਰੂ ਜੀ ਕੀ ਫਤਹ ਤੋਂ ਪੰਥ ਕੀ ਜੀਤ ਪ੍ਰਾਪਤ ਹੁੰਦੀ ਹੈ। ਖਾਲਸਾ ਜੀ ਦੇ ਬੋਲ ਬਾਲੇ ਹੁੰਦੇ ਹਨ।

ਜੈ ਤੇਗੰ ਜੈ ਤੇਗੰ ਜੈ ਤੇਗੰ



www.AKJ.Org

# ਸਾਵਣੁ ਆਇਆ ਹੇ ਸਖੀ

(ਹਰਿਬੰਸ ਸਿੰਘ ਤੇਗ, ਗਿਆਨੀ)

ਸਾਵਣ ਜਾਂ ਸਉਣ ਇੱਕ ਦੇਸੀ ਮਹੀਨੇ ਦਾ ਨਾਮ ਹੈ ਜੋ ਸੰਬਤ ਸਾਲ ਦਾ ਪੰਜਵਾਂ ਮਹੀਨਾ ਹੈ। ਇਸ ਮਹੀਨੇ ਦੀ ਪੂਰਨਮਾਸ਼ੀ ਵਿੱਚ ਸ਼੍ਰਾਵਣ ਨਛੱਤਰ ਹੁੰਦਾ ਕਰਕੇ ਇਹ ਨਾਮ ਇਸ ਮਹੀਨੇ ਦਾ ਹੈ। ਵੈਸੇ ਸਾਵਣ ਸ਼ਬਦ ਗੁਰਬਾਣੀ ਵਿੱਚ ਹੋਰ ਭੀ ਭਾਵਾਰਥ ਲਈ ਆਇਆ ਹੈ।

ਸਾਵਣ ਦੇ ਭਾਵਾਰਥ ਗੁਰੂ-ਕਿਰਪਾ ਦਾ ਪ੍ਰਤੀਕ ਬੱਦਲ, ਮਨੁੱਖਾ ਜੀਵਨ ਅਤੇ ਖੁਸ਼ੀ ਖੇੜੇ ਦਾ ਉਹ ਸਮਾਂ ਜੋ ਪ੍ਰੀਤਮ ਤੇ ਪਿਆਰੇ ਦਾ ਮਿਲਾਪ ਦਾ ਸਮਾਂ ਭੀ ਸਾਵਣ ਕਰਕੇ ਦਰਸਾਇਆ ਗਿਆ ਹੈ। ਆਤਮਕ ਰਸ ਦਾ ਉਹ ਸਮਾਂ ਜੋ ਮਨੁੱਖ ਦੇ ਸੰਸਾਰੀ ਜੀਵਨ ਵਿੱਚ ਤ੍ਰਿਸ਼ਨਾ, ਭਟਕਣਾ, ਕਾਮ-ਕਰੋਧ ਆਦਿਕ ਵਿਚਾਰਾਂ ਦੀ ਮਾਰ ਤੋਂ ਬਚ ਕ੍ਰੇ ਸਤਿ-ਸੰਗਤ ਦੀ ਕਿਰਪਾ ਨਾਲ ਟਿਕਾਅ ਦਾ ਸਮਾਂ ਜਿੱਥੇ ਪ੍ਰਭੂ-ਪ੍ਰੀਤਮ ਦੇ ਮਿਲਾਪ ਦੀ ਝਲਕ, ਆਤਮ-ਰਸ ਦਾ ਅਨੋਖਾ ਜਿਹਾ ਸੁਆਦ ਜੋ ਬਿਆਨ ਤੋਂ ਬਾਹਰਾ, ਭੀ ਸਾਵਣ ਕਰਕੇ ਲਿਖਿਆ ਹੈ।

ਗੁਰੂ ਕਿਰਪਾ ਵਰ੍ਹਦੇ ਬੱਦਲਾਂ ਦੇ ਹੁੰਦੇ ਸੁੰਦੇ ਭੀ ਜਿਵੇਂ ਜਵਾਹਾਂ ਦਾ ਪੌਦਾ ਪਾਣੀ ਵਿੱਚ ਸੁੱਕ ਸੜ ਜਾਂਦਾ ਹੈ ਇਵੇਂ ਹੀ ਇਸ ਸਮੇਂ ਦਾ ਲਾਹਾ ਨਾ ਲੈ ਸਕਣ ਵਾਲੇ ਅਭਾਗੇ ਜੀਵ ਇਸ ਮਨੁੱਖਾ-ਜੀਵਨ ਦਾ ਲਾਹਾ ਲੈਣ ਦੀ ਥਾਂ ਸਗੋਂ ਹੋਰ ਹੋਰ ਪਾਸੇ ਦੀ ਰੁਚੀ ਕਾਰਨ ਦੁੱਖੀ ਹੋ ਰਹੇ ਹਨ, ਸੜ ਰਹੇ ਸਨ। ਸਾਵਣੁ ਤੋਂ ਭਾਵ ਮਨੁੱਖਾ ਜੀਵਨ ਭੀ ਹੈ। ਜਦੋਂ ਪ੍ਰਾਣੀ-ਮਾਤਰ ਪ੍ਰਭੂ-ਪਰਮਾਤਮਾ ਦੀ ਯਾਦ ਹਿਰਦੇ ਵਿੱਚ ਟਿਕਾਈ ਰੱਖਦਾ ਹੈ ਤਾਂ ਇਹ ਜੀਵਨ ਭੀ ਸਵਰਗ ਹੀ ਪ੍ਰਤੀਤ ਹੁੰਦਾ ਹੈ। "ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ" (ਰਾਗ ਮਾਝ) ਪ੍ਰੀਤਮ ਦੀ ਯਾਦ ਵਾਲੀਆਂ ਸੁਹਾਗਣ-ਜੀਵ ਇਸਤਰੀਆਂ ਲਈ ਸਾਵਣ ਬਹੁਤ ਕੀਮਤੀ ਹੋ ਨਿਬੜਦਾ ਹੈ। ਸੁਹਾਗਣੀ ਦੀਆਂ ਨਿਸ਼ਾਨੀਆਂ 35 ਦਹੇ। ਸੁਹਾਗਣੀ ਫੁਰਮਾਉਂਦੇ ਹਨ :-

"ਸਾਈ ਸੁਹਾਗਣਿ ਜੋ ਪ੍ਰਭਿ ਭਾਈ।।
ਤਿਸ ਕੈ ਸੰਗਿ ਮਿਲਉ ਮੇਰੀ ਮਾਈ।।੧।। ਰਹਾਉ।।
— — — — — (ਪੰਨਾ ੩੯੧)

ਆਗਿਆਕਾਰੀ ਸਦਾ ਸੁੋਹਾਗਣਿ
ਆਪਿ ਮੇਲੀ ਕਰਤਾਰਿ।।
ਨਾਨਕ ਪਿਰੁ ਪਾਇਆ ਹਰਿ ਸਾਚਾ
ਸਦਾ ਸੁੋਹਾਗਣਿ ਨਾਰਿ।। (ਪੰਨਾ ੭੮੫)

ਸੁਹਾਗਣੀ ਬਣਨ ਲਈ ਸੂਹਾ ਰੰਗ ਤਿਆਗਣ ਲਈ ਅਤੇ ਲਾਲ ਰੰਗ ਦੇ ਸੀਂਗਾਰ ਕਰਨ ਲਈ ਭੀ ਚਿਤਾਵਨੀ ਹੈ, ਕਿਉਂਕਿ *"ਸੂਹੇ ਰੰਗ"* ਨੂੰ ਵਿਕਾਰਾਂ ਲਈ ਉਤੇਜਨਾ ਦੇ ਪ੍ਰਤੀਕ ਵਜੋਂ ਭੀ ਗੁਰਬਾਣੀ ਨੇ ਬਿਆਨ ਕੀਤਾ ਹੈ ਭਾਵ ਹੈ ਕਿ ਬਾਹਰਲੀ ਸ਼ੋਖ ਚੰਚਲ ਬਿਰਤੀ ਜੋ ਅੰਦਰਲੀ ਪ੍ਰੇਮ-ਭਾਵਨਾ ਵਾਲੇ ਲਾਲ ਰੰਗ ਤੋਂ ਵਿਰਵੀ ਹੈ, ਉਹ ਵੇਸਵਾ ਵਾਲੇ ਹਾਰ ਸੀਂਗਾਰ ਤੋਂ ਵੱਧ ਕੀਮਤ ਨਹੀਂ ਰੱਖਦੀ। ਇਸੇ ਕਰਕੇ ਨਿਰੇ ਸੂਹੇ ਰੰਗ ਜਾਂ ਸੂਹੇ ਬਸਤਰਾਂ ਨੂੰ ਗੁਰਮਤਿ ਨੇ ਕੋਈ ਅਹਿਮੀਅਤ ਨਹੀਂ ਦਿੱਤੀ ਸਗੋਂ ਪਹਿਲਾਂ ਅੰਦਰੋਂ ਵੀਚਾਰਾਤਮਕ ਗੁਣਾਂ ਨੂੰ ਸੰਭਾਲਣ ਲਈ ਪ੍ਰੇਰਨਾ ਦਿੱਤੀ ਹੈ। ਤਾਂ ਹੀ ਤਾਂ ਸਮਾਜੀ-ਜੀਵਨ ਵਿੱਚ ਵਰ-ਪ੍ਰਾਪਤ ਹੋਣ ਤੋਂ ਪਹਿਲਾਂ ਲੜਕੀ (ਰੂਪੀ ਸਿੱਖ) ਨੇ ਗੁਣਾਂ ਦੀ ਪੂੰਜੀ ਇਕੱਤਰ ਕਰਨੀ ਹੈ ਤਾਂ ਜੋ ਸਾਹੁਰੇ ਘਰ ਜਾ ਕੇ ਪਤੀ ਨੂੰ ਗੁਣਾਂ ਕਰਕੇ ਰਿਝਾ ਸਕੇ। ਨਿਰੇ ਬਾਹਰਲੀ ਚਮਕ ਦਮਕ ਜਾਂ ਬਾਹਰਲੇ ਲਿਬਾਸ ਵਾਲੀ ਗੁਣਾਂ (ਕਰਮਾਂ) ਤੋਂ ਹੀਣੀ ਪਤੀ ਦੇ ਘਰ ਸਤਿਕਾਰ ਨਹੀਂ ਪਾਉਂਦੀ। ਐਸੇ ਪਰਮਾਣ ਗੁਰਬਾਣੀ ਨੇ ਸਾਨੂੰ (ਜੀਵ-ਇਸਤਰੀਆਂ ਨੂੰ) ਵਾਰ ਵਾਰ ਦੇ ਕੇ ਸਮਝਾਇਆ ਹੈ:

ਮੂੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ।।
ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ।।
(ਮਾਤ੍ਰ ੭੮੭)

"ਸੂਹਾ ਰੰਗੁ ਵਿਕਾਰੁ ਹੈ
ਕੰਤੁ ਨ ਪਾਇਆ ਜਾਇ।।
ਇਸ ਲਹਦੇ ਬਿਲਮ ਨ ਹੋਵਈ
ਰੰਡ ਬੈਠੀ ਦੂਜੈ ਭਾਇ।। (ਪੰਨਾ ੭੮੬)

ਏਸੇ ਕਰਕੇ ਗੁਰਬਾਣੀ ਨੇ ਸਮਝਾਇਆ ਹੈ ਕਿ ਪਹਿਲਾਂ ਕੰਤ ਨੂੰ, ਖਸਮ ਨੂੰ, ਪ੍ਰੇਮੀ ਨੂੰ, ਪਿਆਰੇ ਨੂੰ ਰਾਜੀ ਕਰ, ਫਿਰ ਤੂੰ ਹਾਰ ਸੀਂਗਾਰ ਭੀ ਕਰ, ਫਿਰ ਤੇਰੇ ਹਾਰ ਸੀਂਗਾਰ ਭੀ ਤੈਨੂੰ ਸੁਹਾਵਣੇ ਲਗਣਗੇ ਨਹੀਂ ਤਾਂ ਜੋਂ [illegible] ਸੇਜੜੀ ਉੱਤੇ ਨਾ ਆਇਆ ਤਾਂ ਇਹ ਹਾਰ ਸੀਂਗਾਰ ਸਗੋਂ ਤੈਨੂੰ ਹੋਰ ਦੁੱਖੀ ਕਰਨਗੇ। ਸਾਹਿਬਾਂ ਦਾ ਫੁਰਮਾਣ ਹੈ :-

"ਕਾਮਣਿ ਤਉ ਸੀਗਾਰੁ ਕਰਿ
ਜਉ ਪਹਿਲਾਂ ਕੰਤੁ ਮਨਾਇ।।
ਮਤੁ ਸੇਜੈ ਕੰਤੁ ਨ ਆਵਈ
ਏਵੈ ਬਿਰਥਾ ਜਾਇ।। (ਵਾਰ ਸੂਹੀ, ਪੰਨਾ ੭੮੮)



www.AKJ.Org

ਬਿਨਾਂ ਪਿਆਰੇ ਤੋਂ ਕੀਤਾ ਹਾਰ ਸੀਂਗਾਰ ਤਾਂ ਸਗੋਂ ਸੁੱਕ ਵਿੱਚ ਪਾਉਂਦਾ ਹੈ, ਜਿਵੇਂ ਵੇਸਵਾ ਕਰਦੀ ਹੈ। ਸਮਾਜੀ ਜੀਵਨ ਵਿੱਚ ਵੇਸਵਾ ਦਾ ਤਾਂਹੀਓ ਆਦਰ-ਸਤਿਕਾਰ ਨਹੀਂ ਕਿ ਉਸ ਦਾ ਖਸਮ ਕੋਈ ਨਹੀਂ, ਨਿਖਸਮੇ, ਨਿਗੁਰੇ ਵਿਅਕਤੀ ਦਾ ਭੀ ਇਹੋ ਹੀ ਵਿਅਰਥ ਜਿਹਾ ਜੀਵਨ ਹੋਰ ਹੋਰ ਕੰਮਾਂ ਧੰਦਿਆਂ ਵਿੱਚ ਬਤੀਤ ਹੋ ਜਾਂਦਾ ਹੈ, ਪ੍ਰਭੂ-ਪ੍ਰਮਾਤਮਾ ਦਾ ਨਾਮ ਹਿਰਦੇ 'ਚ ਨਹੀਂ ਟਿਕਦਾ।

"ਬਿਨੁ ਧਿਰ ਕਾਮਣਿ ਕਰੇ ਸੀਂਗਾਰੁ।।
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ।।"
ਮਨਮੁਖ ਦਾ ਇਹੁ ਬਾਦਿ ਆਚਾਰੁ।।
ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ।।(ਪੰਨਾ ੧੨੭੭)

ਬਿਨਾਂ ਪ੍ਰੀਤਮ ਪਿਆਰੇ ਦੇ ਮਿਲਾਪ ਤੋਂ ਸਾਵਣ ਦੀ ਮਲਾਰਾਂ ਵਾਲੀ ਰੁੱਤੇ ਮੋਰਾਂ ਦੀਆਂ ਪੈਲਾਂ ਜਾਂ ਮੋਰਾਂ ਦਾ ਰੁਣ-ਝੁਣ, ਸਾਰੇ ਪਾਸੇ ਹਰਿਆਵਲੀ, ਡੱਡੂਆਂ ਦਾ ਪਾਣੀਆਂ ਵਿੱਚ ਗੁੜੈਂ-ਗੁੜੈਂ ਕਰਨਾ ਸਗੋਂ ਉਸ ਬਿਰਹੋਂ ਕੁਠੀ ਨੂੰ, ਕਟਾਰ ਵਾਂਗ, ਫਾਹੀ ਵਾਂਗ ਤੰਗ ਕਰ ਰਿਹਾ ਹੈ। ਸੁਪਨੇ ਵਿੱਚ ਭੀ ਪ੍ਰੀਤਮ ਪਿਆਰਾ ਆ ਕੇ ਫਿਰ ਭੀ ਹੱਥ ਨਹੀਂ ਲੱਗਾ, ਸਗੋਂ ਮਨ 'ਚ ਪਛਤਾਵਾ ਤੇ ਅੱਖਾਂ 'ਚੋਂ ਨੀਰ ਦੀਆਂ ਧਾਰਾਂ ਹੀ ਵਗੀਆਂ। ਹੇ ਪ੍ਰੀਤਮਾ ਜੀਉ ! ਮੈਂ ਤੇਰੇ ਤੀਕ ਕਿਵੇਂ ਪਹੁੰਚੀ ? ਤੇਰੇ ਪਾਸ ਕਿਸ ਨੂੰ ਭੇਜਾਂ ? ਜੋ ਮੇਰੀ ਵੇਦਨਾ ਪਹੁੰਚਦੀ ਕਰੇ। ਹੁਣ ਤਾਂ ਇਕੋ ਹੀ ਸਾਧਨ ਨੀਂਦ ਦਾ ਹੀ ਹੈ ਕਿ ਸੁਪਨੇ ਵਿੱਚ ਹੀ ਪ੍ਰੀਤਮ ਦੇ ਦਰਸ਼ਨ ਹੋ ਜਾਣ।

ਇਹ ਵੰਗਾਂ, ਇਹ ਹਾਰ ਸੀਂਗਾਰ, ਇਹ ਵੇਸੁ, ਇਹ' ਬਾਹਾਂ ਭੀ ਸੜ ਜਾਣ ਜਿਨ੍ਹਾਂ ਨੂੰ ਪ੍ਰੀਤਮ ਦੇ ਗਲ ਲੱਗਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ। ਹੇ ਪ੍ਰੀਤਮ ! ਜੇ ਤੂੰ ਮੇਰਾ ਹੈਂ ਤਾਂ ਮੈਨੂੰ ਮਾਣ ਹੈ, ਤਾਣ ਭੀ ਹੈ, ਤੇਰੇ ਤੋਂ ਬਿਨਾਂ ਮੇਰਾ ਕੀ ਮਾਣ ਜਾਂ ਤਾਣ ਹੋ ਸਕਦਾ ਹੈ ? ਤੇਰੇ ਦਰਸ਼ਨਾਂ ਲਈ ਮੈਂ ਆਪਣਾ ਆਪ ਹੀ ਕੁਰਬਾਨ ਕਰ ਦੇਵਾਂ। ਜੇ ਕੋਈ ਮੈਨੂੰ ਤੇਰੀ ਕਨਸੋਅ ਦੇਵੇ, ਤੇਰੇ ਤੀਕ ਪਹੁੰਚਣ ਦਾ ਮਾਰਗ ਅਤੇ ਸ਼ਕਤੀ ਦੇਵੇ, ਜੁਗਤੀ ਦੱਸੇ। ਉਸ ਦੀ ਸੇਵਾ ਮੈਂ ਆਪਣਾ ਸਿਰ ਦੇ ਕੇ, ਮੂੜ੍ਹਾ ਬਣਾਕੇ, ਉਸ ਮੂੜ੍ਹੇ ਉੱਤੇ ਬੈਠਣ ਲਈ ਬੇਨਤੀ ਕਰਾਂ। ਐਸਾ ਵਿਚੋਲਾ ਜੋ ਪ੍ਰਭੂ-ਪ੍ਰੀਤਮ ਨੂੰ ਮਿਲਾ ਸਕਦਾ ਹੈ ਉਹ ਪੂਰਾ ਗੁਰੂ ਹੀ ਹੋ ਸਕਦਾ ਹੈ ਜਿਸ ਨੂੰ ਸਿਰ ਦੇਣ ਦਾ ਇਸ਼ਾਰਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਵਾਰ ਵਾਰ ਦਿੱਤਾ ਹੈ। ਇਸ ਬਾਰੇ ਵਡਹੰਸ ਰਾਗ ਵਿੱਚ ਹੇਠਾਂ ਦਰਜ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀਚਾਰਨ ਯੋਗ ਹੈ :

ਵਡਹੰਸ ਮ: ੧

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣੁ ਆਇਆ।। ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।। ਤੇਰੇ ਦਰਸਨ ਵਿਟਹੁ ਖੰਨੀਐ ਵੰਞਾ, ਤੇਰੇ ਨਾਮ ਵਿਟਹੁ ਕੁਰਬਾਣੋ।। ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ।। ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।। ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।। ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ।। ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।। ਸਭਿ ਸਹੀਆ ਸਹੁ ਰਾਵਣਿ ਗਈਆ, ਹਉ ਦਾਧੀ ਕੈ ਦਰਿ ਜਾਵਾ।।? ਅੰਮਾਲੀ ਹਉ ਖਰੀ ਸੁਚਜੀ ਤੈ ਸਹਿ ਏਕ ਨ ਭਾਵਾ।। ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ।। ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।। ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।। ਇਕ ਨ ਰੁੰਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।। ਸੁਪਨੈ ਆਇਆ ਭੀ ਗਇਆ, ਮੈ ਜਲੁ ਭਰਿਆ ਰੋਇ।। ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।। ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ।। ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।। ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।। ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।। (ਪੰਨਾ ੫੫੭)

ਉਪਰਲੇ ਸ਼ਬਦ ਵਿੱਚ ਸਤਿਗੁਰੂ ਜੀ ਨੇ ਸੰਸਾਰੀ ਜੀਵਨ 'ਚੋਂ ਬਿਰਹੋਂ ਕੁਠੀ ਨਾਰਿ ਵਲੋਂ ਵੇਦਨਾ ਦੱਸ ਕੇ ਅਧਿਆਤਮਕ ਜੀਵਨ ਲਈ ਸਚੀ ਸੁਚੀ ਸੇਧ ਬਖਸ਼ਿਸ਼ ਕੀਤੀ ਹੈ ਕਿ ਸਤਿਸੰਗਤ ਕਰਦਿਆਂ ਮਨ 'ਚ ਨਿਮਰਤਾ ਰੱਖ ਕੇ, ਹਉਮੈ ਨੂੰ ਕੱਢ ਕੇ ਜਗਿਆਸੂ ਨੇ ਦੂਜਿਆਂ ਤੋਂ ਪ੍ਰੇਰਨਾ ਲੈਣੀ ਹੈ ਜੋ ਪ੍ਰੀਤਮ ਦੇ ਨੇੜੇ ਹਨ। ਉਨ੍ਹਾਂ ਨਾਲ ਈਰਖਾ ਨਹੀਂ ਕਰਨੀ ਸਗੋਂ ਉਨ੍ਹਾਂ ਵਰਗੇ ਗੁਣਾਂ ਨੂੰ ਆਪਣੇ ਅੰਦਰ ਭਰਨਾ ਹੈ। ਪ੍ਰਭੂ ਪਿਆਰੇ ਦੀ ਕਿਰਪਾ ਉਤੇ ਆਸ ਭੀ ਟਿਕਾਈ ਰੱਖਣੀ ਹੈ ਅਰਦਾਸਾਂ ਭੀ ਕਰੀ ਜਾਣੀਆਂ ਹਨ। ਫਿਰ ਉਹ ਆਪ ਹੀ ਕਿਰਪਾ ਕਰਕੇ ਸਾਡੀ ਹਿਰਦੇ ਸੇਜ ਉਤੇ ਵਸ ਜਾਇਗਾ।


www.AKJ.Org

ਸਾਈ ਸੁਹਾਗਣਿ ਸਾਈ ਭਾਗਣਿ
ਜੈ ਪਿਰਿ ਕਿਰਪਾ ਧਾਰੀ।।
ਪਿਰਿ ਅਉਗਣ ਤਿਸ ਕੇ
ਸਭਿ ਗਵਾਏ ਗਲ ਸੇਤੀ ਲਾਇ ਸਵਾਰੀ।।
(ਪੰਨਾ ੬੫੬)

ਪ੍ਰੰਤੂ ਜਦੋਂ ਇਹ ਜੀਵ ਇਸਤਰੀ ਪ੍ਰੀਤਮ ਦੇ ਮਿਲਾਪ ਲਈ ਤੜਫ ਹੀ ਨਹੀਂ ਰੱਖਦੀ, ਉਸ ਨੂੰ ਮਿਲਣ ਲਈ ਉਸ ਪਾਸੇ ਤੁਰਦੀ ਹੀ ਨਹੀਂ ਸਗੋਂ ਰੋਸਾ ਹੀ ਕਰੀ ਜਾਂਦੀ ਹੈ ਕਿ ਮੇਰਾ ਕੰਤ ਮੇਰਾ ਪ੍ਰੀਤਮ ਮੈਨੂੰ ਬੁਲਾਉਂਦਾ ਨਹੀਂ, ਮੇਰੇ ਨਾਲੋਂ ਦੂਰ ਕਿਉਂ ਹੈ ? ਇਉਂ ਤਾਂ ਉਹ ਘਰ ਆ ਕੇ ਨਹੀਂ ਵਸੇਗਾ। ਉਸ ਦੇ ਦੇਸ਼ ਜਾਣ ਲਈ ਉਸ ਮਾਰਗ ਉਤੇ ਤੁਰਨਾ ਪਵੇਗਾ। ਬਿਨਾਂ ਰਸਤੇ ਉਤੇ ਤੁਰਿਆਂ ਹੀ ਜੇ ਕੋਈ ਆਖੇ ਕਿ ਮੈਂ ਪਹੁੰਚ ਹੀ ਗਿਆ ਹਾਂ, ਇਹ ਤਾਂ ਫੋਕਾ ਧਰਵਾਸ ਹੀ ਹੈ। ਅਸਲੀ ਸੁੱਖ ਜਾਂ ਅਨੰਦ ਤਾਂ ਪ੍ਰਾਪਤ ਨਹੀਂ ਹੋ ਸਕਦਾ।

"ਗਲੀ ਹਉ ਸੋਹਾਗਣਿ ਭੈਣੇ
ਕੰਤੁ ਨ ਕਬਹੂ ਮੈ ਮਿਲਿਆ।।
(ਆਸਾ ਮ: ੧, ਪੰਨਾ ੪੩੩)

ਸਤਿਗੁਰੂ ਜੀ ਇਉਂ ਭੀ ਫੁਰਮਾਉਂਦੇ ਹਨ ਕਿ :
"ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।।
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ।।" (ਮ: ੧, ਪੰਨਾ ੫੫੭)

ਐਸੀ ਦੁਹਾਗਣੀ ਜੋ ਖਸਮ ਨਾਲੋਂ ਟੁੱਟੀ ਹੋਈ ਹੈ, ਪ੍ਰੀਤਮ ਦੀ ਯਾਦ ਹਿਰਦੇ ਵਿੱਚ ਨਹੀਂ ਹੈ, ਨੂੰ ਸਾਵਣ ਦੀ ਰਸ ਵਾਲੀ ਰੁੱਤ ਭੀ ਆਤਮਕ ਅਨੰਦ ਨਹੀਂ ਦੇ ਸਕਦੀ। ਸਗੋਂ ਕਈ ਪਰਕਾਰ ਦੇ ਵਿਕਾਰ ਦੁੱਖੀ ਕਰਦੇ ਹਨ। ਸਾਵਣੁ ਸਾਰਿਆਂ ਨੂੰ ਸੁਖਾਵਾਂ ਨਹੀਂ ਹੁੰਦਾ, ਬਾਣੀ ਅੰਦਰ ਪ੍ਰਤੀਕ ਵਜੋਂ ਐਸੇ ਪਰਮਾਣ ਭੀ ਹਨ ਕਿ :

"ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ।।
ਗਾਈ ਪੁਤਾ, ਨਿਰਧਨਾ ਪੰਥੀ ਚਾਕਰ ਹੋਇ।।
(ਸਲੋਕ ਮ: ੧ ਵਾਰ ਮਲਾਰ, ਪੰਨਾ ੧੨੭੯)

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।।
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।।੧।।
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ।।
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ।।੨।। (ਮਲਾਰ ਮ: ੨, ਪੰਨਾ ੧੨੮੦)
ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ।।
ਨਾਨਕ ਪਿਰ ਕੀ ਸਾਰ ਨ ਜਾਣਦੀ ਸਭੁ ਸੀਗਾਰੁ ਖੁਆਰੁ।।੨।। (ਪੰਨਾ ੧੨੮੫)

ਸਉਣ ਮਹੀਨੇ ਵਰਖਾ ਰੁੱਤੇ ਗਾਈਂ-ਪੁੱਤਾਂ (ਬਲਦਾਂ) ਨੂੰ ਸਗੋਂ ਖੇਤ ਵਾਹੁਣ ਲਈ, ਵਰਤਿਆ ਜਾਂਦਾ ਹੈ। ਗਰੀਬਾਂ ਨੂੰ ਮੀਂਹ ਕਰਕੇ ਕੰਮ ਕਾਰ ਤੋਂ ਵਿਹਲੇ ਰਹਿ ਕੇ ਰੋਜ਼ਾਨਾ ਲੋੜਾਂ ਲਈ ਆਤੁਰ ਹੋਣਾ ਪੈਂਦਾ ਹੈ। ਮੀਂਹ ਕਰਕੇ ਰਸਤੇ ਪਾਣੀ ਨਾਲ ਭਰ ਜਾਂਦੇ, ਚਿੱਕੜ ਹੋਣ ਕਾਰਨ ਜੋ ਪਾਂਧੀ (ਪੰਥੀ) ਹਨ ਉਹਨਾਂ ਨੂੰ ਤੰਗੀ ਹੁੰਦੀ ਹੈ, ਨੌਕਰ (ਚਾਕਰ) ਜਿਨ੍ਹਾਂ ਨੂੰ ਮੀਂਹ ਪੈਂਦੇ ਭੀ ਮਾਲਕਾਂ ਦਾ ਹੁਕਮ ਵਜਾਉਣਾ ਹੀ ਪੈਂਦਾ ਹੈ, ਸਾਵਣ ਦਾ ਮਹੀਨਾ ਜਾਂ ਵਰਖਾ ਰੁਤਿ ਅਨੰਦ ਮਈ ਨਹੀਂ ਰਹਿੰਦੀ। ਇਵੇਂ ਹੀ ਦੋਹਾਗਣੀ ਨੂੰ, ਪਤੀ ਤੋਂ ਹੀਣੀ ਨੂੰ ਸਾਵਣ ਦੀ ਰੁੱਤ ਸਗੋਂ ਦੁੱਖੀ ਕਰਦੀ ਹੈ, ਬਿਜਲੀ ਦਾ ਕੜਕਨਾ, ਲਿਸ਼ਕਣਾ, ਬੱਦਲਾਂ ਦੀ ਘਨਘੋਰ, ਮੋਰਾਂ ਦੇ ਅਤੇ ਹੋਰ ਜਾਨਵਰਾਂ ਦੇ ਖੇੜੇ ਵਾਲੇ ਕਲੋਲ ਦੋਹਾਗਣੀ ਨੂੰ ਸਗੋਂ ਹੋਰ ਤੰਗ ਕਰਦੇ ਹਨ ਜਦ ਕਿ ਸੋਹਾਗਣੀਆਂ ਇਸ ਰਸ ਵਾਲੀ ਰੁੱਤ ਦਾ ਅਨੰਦ ਮਾਣਦੀਆਂ ਹਨ ਕਿਉਂਕਿ ਪ੍ਰੀਤਮ ਨਾਲ, ਬਣੀ ਹੋਈ ਹੈ। ਸਤਿਗੁਰੂ ਜੀ ਦਾ ਕਥਨ ਸਾਨੂੰ ਸਮਝਾਉਣ ਲਈ ਇਉਂ ਭੀ ਹੈ :-

ਸਲੋਕ ਮ:੧।।
ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ।।
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ।।
(ਪੰਨਾ ੧੨੭੯, ਮਲਾਰ) (ਚਲਦਾ)

## ਮਿਰਤਕ ਕਉ ਜੀਵਾਲਨਹਾਰ

ਮੋਇਆਂ ਮੁਰਦਿਆਂ ਨੂੰ ਜੀਵਨ ਦੇਣਹਾਰਾ,
ਨਾਲੇ ਭੁੱਖਿਆਂ ਨੂੰ ਦੇਵੇ ਅੰਨ ਪਾਣੀ।
ਨਜ਼ਰ ਮੇਹਰ ਦੀ ਓਸ ਦੀ ਭਰੇ ਊਣੇ,
ਐਪਰ ਭੋਗਦੇ ਕਰਮਾਂ ਦਾ ਫੱਲ ਪ੍ਰਾਣੀ।
ਸੱਭੋ ਕੁੱਝ ਉਸਦਾ, ਓਹ ਹੀ ਕਰਨਹਾਰਾ,
ਹੋਇਆ ਕੋਈ ਨਾ ਹੋਏਗਾ ਓਹਦਾ ਹਾਣੀ।
ਕਰਦਾ ਰਹੁ ਸਿਮਰਨ ਦਿਨੇ ਰਾਤ ਉਸਦਾ,
ਨਿਰਮਲ ਅੱਤ ਉੱਚੀ ਕਰਣੀ ਇਹ ਜਾਣੀ।
ਦਿਆ ਕਰੇ ਤੇ ਨਾਮ ਜਪਾਏ ਜਿਸ ਨੂੰ,
ਮੈਲ-ਰਹਿਤ ਜੀਵਨ, ਜੀਵੇ ਓਹ ਪ੍ਰਾਣੀ।

(ਰਾਜਿੰਦਰ ਸਿੰਘ ਵਿਦਿਆਰਥੀ, ਸਿੰਘਾਪੁਰ)


www.AKJ.Org

## ਗੁਰਮਤਿ ਪ੍ਰਚਾਰ ਲਈ ਕੀਰਤਨੀਏ ਵੀਰਾਂ ਭੈਣਾਂ ਤੇ ਪ੍ਰਬੰਧਕਾਂ ਨੂੰ ਜੋਦੜੀ

ਵੈਸਾਖੀ ੧੯੯੯ ਤੱਕ "ਸਮੁੱਚੀ ਸਿੱਖ ਕੌਮ ਅੰਮ੍ਰਿਤਧਾਰੀ" ਦੇ ਪ੍ਰਸਤਾਵਿਤ ਨਿਸ਼ਾਨੇ ਨੂੰ ਮੁੱਖ ਰੱਖ ਕੇ ਸਮੂਹ ਗੁਰੂ ਪਿਆਰਿਆਂ, ਕੀਰਤਨੀਆਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਦੇ ਚਰਨਾਂ ਵਿੱਚ ਜੋਦੜੀ ਹੈ ਕਿ ਪੇਂਡੂ ਇਲਾਕਿਆਂ ਵਿੱਚ, ਜੋ ਗੁਰਮਤਿ ਪ੍ਰਚਾਰ ਵਲੋਂ ਬਹੁਤ ਪਛੜੇ ਹੋਏ ਹਨ, ਵੱਧ ਤੋਂ ਵੱਧ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਕੀਰਤਨ ਸਮਾਗਮ ਕੀਤੇ ਜਾਣ ਤਾਂ ਜੋ ਗੁਰ-ਉਪਦੇਸ਼ ਘਰ ਘਰ ਪਹੁੰਚਾਇਆ ਜਾ ਸਕੇ ਅਤੇ ਲੋਕੀਂ ਅੰਮ੍ਰਿਤਧਾਰੀ ਹੋ ਕੇ, ਗੁਰੂ ਵਾਲੇ ਬਣ ਕੇ ਗੁਰਮਤਿ ਗਾਡੀ ਰਾਹ ਤੇ ਚਲਦਿਆਂ ਲੋਕ ਸੁਖੀਏ ਤੇ ਪ੍ਰਲੋਕ ਸੁਹੇਲੇ ਬਣ ਸਕਣ।

ਦਾਸਨ ਦਾਸ, ਜੀਵਨ ਸਿੰਘ, ਕੈਨੇਡਾ।

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ 'ਸੂਰਾ' ਦੇ ਸਬ-ਆਫਿਸ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

## ਗੁਰੁ ਗੋਵਿੰਦ, ਗੋਵਿੰਦੁ ਗੁਰੂ ਹੈ

ਵਾਹਿਗੁਰੂ, ਅਕਾਲ ਪੁਰਖ ਹੈ ਅਤੇ ਗੁਰੂ, ਪਾਰਬ੍ਰਹਮ ਪਰਮੇਸਰ (ਵਾਹਿਗੁਰੂ) ਦਾ ਰੂਪ ਹੈ।

'ਪਾਰਬ੍ਰਹਮੁ ਪਰਮੇਸਰੁ ਅਨੂਪੁ।। ਸਫਲ ਮੂਰਤਿ ਗੁਰ ਤਿਸਕਾ ਰੂਪ।। (ਪੰਨਾ ੧੧੫੨)

ਸੋ ਵਾਹਿਗੁਰੂ ਅਤੇ ਗੁਰੂ ਵਿੱਚ ਕੋਈ ਭੇਦ (ਅੰਤਰ) ਨਹੀਂ।

'ਗੁਰ ਗੋਵਿੰਦ, ਗੋਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ।" (ਪੰਨਾ ੪੪੨)

## ਕੱਢ ਲਿਆ ਤੈਂ ਨਰਕ ਚੋਂ

(ਤੇਗ ਬਹਾਦਰ ਸਿੰਘ 'ਤੇਗ')

ਮੈਂ ਤੇਰੀ ਦਹਿਲੀਜ਼ ਤੇ, ਮੁੜਕੇ ਹਾਂ ਫਿਰ ਆ ਗਿਆ।
ਰਹਿਮਤ ਤੇਰੀ ਪਾਣ ਲਈ, ਆ ਕੇ ਡੇਰਾ ਲਾ ਲਿਆ।
ਕੱਢ ਲਿਆ ਤੈਂ ਨਰਕ ਚੋਂ, ਆਪਣਾ ਜਾਣ ਕੇ 'ਤੇਗ',
ਮੇਹਰ ਕਰ ਸਿਰ ਹੱਥ ਧਰ, ਸਮਝਾਂ ਤੈਨੂੰ ਭਾਅ ਗਿਆ।

## ਵਰ ਦੀ ਲੋੜ

LD-84 20 ਸਾਲਾ, ਕੱਦ 5' 1" ਅੱਖਾਂ ਦੀ ਰੌਸ਼ਨੀ ਘੱਟ (ਰਾਤ ਨੂੰ ਨਹੀਂ ਦੇਖ ਸਕਦੀ) ਵਾਲੀ ਬੀਬੀ ਲਈ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਗੁਰਦਿਆਲ ਸਿੰਘ ਜੀ, ਪੂਨਾ | 100/- | ਭਾਈ ਇੰਦਰਜੀਤ ਸਿੰਘ ਜੀ | 50/- |
| ਭਾਈ ਗੁਰਚਰਨ ਸਿੰਘ ਜੀ, ਵਾਰਾਨਸੀ | 340/- | ਗੁਪਤ | 5/- |
| ਭਾਈ ਜੋਗਿੰਦਰ ਸਿੰਘ ਜੀ, ਲੁਧਿਆਣਾ | 50/- | ਭਾਈ ਰਿਪੁਦਮਨ ਸਿੰਘ ਜੀ, ਕੈਨੇਡਾ | 5000/- |
| ਭਾਈ ਨਾਨਕ ਸਿੰਘ ਜੀ, ਪੂਨਾ | 100/- | | |

## ਫ੍ਰੀ ਲਿਟਰੇਚਰ ਫੰਡ

| | | | |
|---|---|---|---|
| ਭਾਈ ਚਰਨਜੀਤ ਸਿੰਘ ਜੀ ਲੁਧਿਆਣਾ | 150/- | ਗੁਪਤ | 100/- |
| ਬੀਬੀ ਗੁਰਬਚਨ ਕੌਰ, ਲੁਧਿਆਣਾ | 100/- | ਗੁਰਦੁਆਰਾ ਸਾਹਿਬ ਪਿੰਡ ਖਾਨਪੁਰ (ਲੁਧਿਆਣਾ) | 2000/- |

www.AKJ.Org

ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਰੈਣਿ ਸਬਾਈ ਕੀਰਤਨ

(1) 10-9-96 ਸ਼ਨੀਵਾਰ ਸਾਲਾਨਾ ਰੈਣਿ ਸਬਾਈ ਕੀਰਤਨ ਗੁ: ਮੰਜੀ ਸਾਹਿਬ, ਜੀ. ਟੀ. ਰੋਡ, ਅੰਬਾਲਾ ਵਿਖੇ।

ਭਾ: ਆਤਮਾ ਸਿੰਘ ਦੀ ਮਿੱਠੀ ਯਾਦ ਵਿੱਚ ਸਾਲਾਨਾ ਸਮਾਗਮ

26-9-96 ਤੋਂ 29-9-96 ਸ਼ਨੀਵਾਰ, ਭੋਗ ਅਖੰਡ ਪਾਠ ਉਪਰੰਤ ਕੀਰਤਨ 12 ਵਜੇ ਤੱਕ, ਸ਼ਾਮ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਪੰਜੋਖਰਾ ਸਾਹਿਬ (ਅੰਬਾਲਾ ਸ਼ਹਿਰ -ਨਰਾਇਣਗੜ੍ਹ ਰੋਡ)।

---

ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਸ਼ਹੀਦਾ ਦੀ ਯਾਦ ਵਿੱਚ ਸਾਲਾਨਾ ਕੀਰਤਨ ਸਮਾਗਮ।

12-8-96 ਸਵੇਰੇ 7.00 ਵਜੇ ਆਰੰਭ ਸ੍ਰੀ ਅੰਖਡ ਪਾਠ ਸਾਹਿਬ ਗੁ: ਗੋਬਿੰਦ ਨਗਰ ਵਿਖੇ।

12-8-96 ਸ਼ਾਮ 7.00 ਵਜੇ ਤੋਂ 9.30 ਤੱਕ ਕੀਰਤਨ ਜੰਝ ਘਰ ਗੁ: ਗੋਬਿੰਦ ਨਗਰ ਵਿਖੇ।

13-8-96 ਸ਼ਾਮ 7.00 ਵਜੇ ਤੋਂ 9.30 ਤੱਕ ਕੀਰਤਨ ਜੰਝ ਘਰ ਗੁ: ਗੋਬਿੰਦ ਨਗਰ ਵਿਖੇ।

14-8-96 ਸਵੇਰੇ 7.00 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਦੁਪਹਿਰ 12.00 ਵਜੇ ਤੱਕ ਗੁ: ਗੋਬਿੰਦ ਨਗਰ ਵਿਖੇ।

14-8-96 ਸ਼ਾਮ 7.00 ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ

ਨੋਟ :- (1) ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਇੰਤਜਾਮ ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ।
(2) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਪੁੱਛਗਿੱਛ : ਫੋਨ 0171-641303, 650812

---

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਚੰਡੀਗੜ੍ਹ ਵਿਖੇ

12-9-96 ਸਵੇਰੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ 5.45 ਤੋਂ 9.00 ਵਜੇ ਤੱਕ।
ਸ਼ਾਮ ਕੀਰਤਨ 6.30 ਤੋਂ 9.00 ਵਜੇ ਤੱਕ।

13-9-96 ਸਵੇਰੇ ਕੀਰਤਨ 5.45 ਤੋਂ 9.00 ਵਜੇ ਤੱਕ।
ਸ਼ਾਮ ਕੀਰਤਨ 6.30 ਤੋਂ 9.00 ਵਜੇ ਤੱਕ।

14-9-96 ਸਵੇਰੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ 5.30 ਵਜੇ, ਉਪਰੰਤ ਕੀਰਤਨ 5.45 ਤੋਂ 1.00 ਵਜੇ ਦੁਪਿਹਰ ਤੱਕ।
ਸ਼ਾਮ 7.00 ਵਜੇ ਆਰੰਭ ਰੈਣਿ ਸਬਾਈ ਕੀਰਤਨ ਸਮਾਪਤੀ 15-9-96 ਐਤਵਾਰ ਸਵੇਰੇ 5.30 ਵਜੇ।

ਅੰਮ੍ਰਿਤ ਸੰਚਾਰ : 14-9-96 ਸਨਿਚਰਵਾਰ ਸ਼ਾਮ 7.00 ਵਜੇ ਆਰੰਭ ਹੋਵੇਗਾ।

ਨੋਟ : ਕੀਰਤਨ, ਰਿਹਾਇਸ਼ ਅਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਸਾਹਿਬ ਸੈਕਟਰ 34 ਵਿਖੇ ਹੋਵੇਗਾ।

---

ਗੁ: ਸ੍ਰੀ ਗੁਰੂ ਨਾਨਕ ਦੇਵ ਜੀ, High Street, Smethwick, Birmingham (U.K.) ਵਿਖੇ ਰੈਣਿ ਸਬਾਈ ਕੀਰਤਨ 12-9-96 ਆਰੰਭ ਸ੍ਰੀ ਅਖੰਡ ਪਾਠ ਸਾਹਿਬ 14-9-96 ਭੋਗ, ਸੋਦਰੁ ਉਪਰੰਤ ਰਾਤ 7.00 ਵਜੇ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਵਧੇਰੇ ਜਾਣਕਾਰੀ ਲਈ :- ਭਾਈ ਜੋਗਾ ਸਿੰਘ ਜੀ ਅਤੇ ਭਾਈ ਮੁਹਿੰਦਰ ਸਿੰਘ ਜੀ।
Tel. 01215801896 (Res.) 01215589247

---

ਬਟਾਲਾ ਵਿਖੇ ਵਿਆਹ ਪੁਰਬ ਸਮਾਗਮ 19-9-96 ਦਿਨ ਵੀਰਵਾਰ ਤੋਂ 22-9-96 ਸਵੇਰੇ ਐਤਵਾਰ ਤੱਕ ਪੂਰਾ ਵੇਰਵਾ ਆਉਂਦੇ ਪਰਚੇ ਵਿੱਚ।

---

ਜੁਲਾਈ 96 ਦੇ ਪਰਚੇ ਵਿੱਚ ਛਪੇ ਬੁੱਢੇਵਾਲ ਦੇ ਸਮਾਗਮ ਦੀ ਸੋਧ

ਪਿੰਡ ਬੁੱਢੇਵਾਲ (ਖੰਡ ਮਿਲ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 10 ਅਗਸਤ ਸ਼ਨੀਵਾਰ ਰਾਤ ਨੂੰ ਹੋਣਗੇ। ਪਹਿਲਾਂ ਇਹ ਪ੍ਰੋਗਰਾਮ ਗਲਤੀ ਨਾਲ 11 ਅਗਸਤ ਰਾਤ ਨੂੰ ਛਪ ਗਿਆ ਹੈ।

---

ਭਾਈ ਨਰਾਇਣ ਸਿੰਘ ਨਾਰੰਗਵਾਲ ਦੀ ਯਾਦ ਵਿੱਚ ਰੈਣਿ ਸਬਾਈ ਕੀਰਤਨ 7 ਸਤੰਬਰ 96 ਨੂੰ ਗੁ: ਅਕਾਲੀਵਾਲਾ ਨਾਰੰਗਵਾਲ (ਲੁਧਿਆਣਾ) ਵਿਖੇ ਹੋਣਗੇ।

---

## ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਹੀ ਲਿਖ ਕੇ ਭੇਜਣ। ਰਚਨਾਵਾਂ ਵਿੱਚ ਦਰਜ ਤਾਰੀਖਾਂ, ਵਾਰ, ਮਹੀਨੇ, ਸੰਮਤ/ਸੰਨ, ਹਵਾਲੇ, ਗੁਰਬਾਣੀ ਦੀਆਂ ਪੰਗਤੀਆਂ, ਪੰਨਾ ਨੰਬਰ ਸਮੇਤ, ਸੋਧ ਕੇ ਭੇਜੀਆਂ ਜਾਣ।

ਗੁਰਪੁਰਬ ਜਾਂ ਖਾਸ ਦਿਹਾੜੇ ਨਾਲ ਸਬੰਧਤ ਰਚਨਾਵਾਂ ਉਸ ਮਹੀਨੇ ਤੋਂ ਘੱਟੋ ਘੱਟ ਇਕ ਮਹੀਨਾ ਪਹਿਲਾਂ 'ਸੂਰਾ' ਦਫ਼ਤਰ ਵਿੱਚ ਪੁੱਜ ਜਾਣੀਆ ਚਾਹੀਦੀਆਂ ਹਨ।

-ਸੰਪਾਦਕ

---

### ਜ਼ਰੂਰੀ ਸੂਚਨਾ

ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ 'ਸੂਰਾ' ਦਾ ਸਬ-ਆਫਿਸ (ਡਾਕਖਾਨੇ ਦੇ ਸਾਹਮਣੇ) ਖੋਲ੍ਹਿਆ ਗਿਆ ਹੈ। ਹਰ ਪ੍ਰਕਾਰ ਦਾ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਹੀ ਭੇਜਿਆ ਜਾਇਆ ਕਰੇ ਜੀ - ਸੂਰਾ ਮਾਸਿਕ ਪੱਤਰ,
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡਾਕਖਾਨਾ, ਮਾਡਲ ਟਾਊਨ, ਲੁਧਿਆਣਾ (ਪੰਜਾਬ)-141002



www.AKJ.Org